## ਦਫਤਰ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
## ਸਪੀਕਿੰਗ ਆਰਡਰ

ਇਸ ਦਫਤਰ ਦੇ ਪੱਤਰ ਨੰ: 11420-520/ਈ-1(3) ਮਿਤੀ 30.08.2018 ਰਾਹੀਂ ਜਿਲਾ ਕੇਡਰ ਦੇ ਸਬ-ਇੰਸਪੈਕਟਰ ਰੈਂਕ ਵਿੱਚ ਮਿਤੀ 20.02.2008 ਤੋਂ ਬਾਅਦ ਆਰਜੀ ਸੀਨੀਅਰਤਾ ਸੂਚੀ ਜਾਰੀ ਕੀਤੀ ਗਈ ਸੀ ਅਤੇ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਸੀ। ਸਮੂਹ ਦਫਤਰ ਦੇ ਮੁੱਖੀਆਂ ਨੂੰ ਲਿਖਿਆ ਗਿਆ ਸੀ ਕਿ ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਵਲੋਂ ਇਸ ਸੀਨੀਅਰਤਾ ਸੂਚੀ ਬਾਰੇ ਕੋਈ ਪ੍ਰਤੀਬੇਨਤੀ ਦਿੱਤੀ ਜਾਂਦੀ ਹੈ ਤਾਂ ਉਹ ਇਸ ਦਫਤਰ ਨੂੰ ਰਿਕਾਰਡ ਵਾਚਣ ਉਪਰੰਤ 10 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜੀ ਜਾਵੇ। ਕਰਮਚਾਰੀਆਂ ਵਲੋਂ ਦਿੱਤੇ ਗਏ ਇਤਰਾਜਾਂ ਨੂੰ ਹੇਠ ਲਿਖੇ ਅਨੁਸਾਰ ਵਿਚਾਰੀਆ ਗਿਆ ਹੈ:-

1. **ਇਤਰਾਜ ਵੱਲੋਂ ਪ੍ਰੋ/ਐਸ.ਆਈ ਵਿਕਾਸ ਭਾਟੀਆ 30/ਬੀ.ਟੀ.ਆਰ.ਟੀ, ਪ੍ਰੋ/ਐਸ.ਆਈ ਆਲਮਜੀਤ ਸਿੰਘ 10/ਪੀ.ਆਰ.ਟੀ, ਪ੍ਰੋ/ਐਸ.ਆਈ ਰੋਹਿਤ ਹੀਰਾ 20/ਬੀ.ਟੀ.ਆਰ.ਟੀ, ਪ੍ਰੋ/ਐਸ.ਆਈ ਯੋਗੇਸ਼ ਕੁਮਾਰ 1/ਜੇ.ਆਰ.ਟੀ, ਪ੍ਰੋ/ਐਸ.ਆਈ ਅਮਨਦੀਪ ਤਾਰੀਕਾ 12/ਬੀ.ਟੀ.ਆਰ.ਟੀ, ਪ੍ਰੋ/ਐਸ.ਆਈ ਸ਼ਿਵਦੀਪ ਸਿੰਘ ਬਰਾੜ 200/ਐਫ.ਆਰ.ਟੀ, ਪ੍ਰੋ/ਐਸ.ਆਈ ਰਣਜੀਤ ਸਿੰਘ 8/ਪੀ.ਆਰ.ਟੀ, ਪ੍ਰੋ/ਐਸ.ਆਈ. ਸਿਮਰਨਜੀਤ ਸਿੰਘ ਨੰ: 7/ਬੀ.ਆਰ.ਟੀ, ਪ੍ਰੋ/ਐਸ.ਆਈ. ਰੋਹਿਤ ਸਰਮਾ 53/ਬੀ.ਟੀ.ਆਰ.ਟੀ, ਪ੍ਰੋ/ਐਸ.ਆਈ ਜਸਪ੍ਰੀਤ ਕੌਰ 8/ਬੀ.ਆਰ.ਟੀ, ਪ੍ਰੋ/ਐਸ.ਆਈ. ਹਿੰਮਤ ਸਿੰਘ 3/ਜੇ.ਆਰ.ਟੀ, ਪ੍ਰੋ/ਐਸ.ਆਈ. ਗੁਰਦੀਪ ਕੌਰ 9/ਪੀ.ਆਰ.ਟੀ, ਪ੍ਰੋ/ਐਸ.ਆਈ. ਗਗਨਪ੍ਰੀਤ ਸਿੰਘ 17/ਆਰ.ਆਰ.ਟੀ, ਪ੍ਰੋ/ਐਸ.ਆਈ. ਰੀਤੂ ਬਾਲਾ 203/ਐਫ.ਆਰ.ਟੀ, ਪ੍ਰੋ/ਐਸ.ਆਈ ਸੁਖਵਿੰਦਰ ਸਿੰਘ 14/ਬੀ.ਟੀ.ਆਰ.ਟੀ, ਪੋ/ਐਸ.ਆਈ ਬਲਜੀਤ ਕੌਰ 20/ਜੇ.ਆਰ.ਟੀ, ਪ੍ਰੋ/ਐਸ.ਆਈ. ਪ੍ਰਭਜੋਤ ਕੌਰ ਨੰ: 19/ਬੀ.ਟੀ.ਆਰ.ਟੀ, ਪ੍ਰੋ/ਐਸ.ਆਈ. ਸੁਖਬੀਰ ਕੌਰ ਨੰ: 13/ਆਰ.ਆਰ.ਟੀ, ਪ੍ਰੋ/ਐਸ.ਆਈ ਜਸਬੀਰ ਸਿੰਘ ਨੰ: 6/ਬੀ.ਆਰ.ਟੀ, ਪ੍ਰੋ/ਐਸ.ਆਈ ਰਮਨਦੀਪ ਸਿੰਘ ਨੰ: 3/ਬੀ.ਆਰ.ਟੀ, ਪ੍ਰੋ/ਐਸ.ਆਈ ਅਜੇ ਕੁਮਾਰ ਪਰੋਚਾ ਨੰ: 27/ਬੀ.ਟੀ.ਆਰ.ਟੀ।** ਇਹ ਕਰਮਚਾਰੀ ਮਿਤੀ 18.02.2014 ਦੇ ਪ੍ਰੋ/ਐਸ.ਆਈ ਭਰਤੀ ਹਨ। ਇਹਨਾਂ ਵੱਲੋਂ ਲਿਖਿਆ ਗਿਆ ਹੈ ਕਿ:-

ੳ) ਪੁਲਿਸ ਵਿਭਾਗ ਵੱਲੋਂ ਐਸ.ਆਈ. ਰੈਂਕ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਜੁਲਾਈ, 2011 ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ, ਪ੍ਰੰਤੂ ਇਸ ਭਰਤੀ ਦੇ ਵਿਰੁੱਧ 2006-07 ਬੈਚ ਦੇ ਪ੍ਰੋਬੇਸਨਰ ਏ.ਐਸ.ਆਈਜ਼ ਵੱਲੋਂ ਮਾਨਯੋਗ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸਨ ਨੰ: 14652/2011 ਦਾਇਰ ਕੀਤੀ ਗਈ ਸੀ, ਜਿਸ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਉਹਨਾਂ ਦੀ ਭਰਤੀ ਸਟੇਅ ਕਰ ਦਿੱਤੀ ਗਈ ਸੀ। ਮਾਨਯੋਗ ਹਾਈਕੋਰਟ ਵੱਲੋਂ ਹੁਕਮ ਮਿਤੀ 06.05.2013 ਰਾਹੀਂ ਇਸ ਰਿੱਟ ਪਟੀਸਨ ਵਿੱਚ ਪਟੀਸਨਰਾਂ ਦਾ ਕਲੇਮ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਭਰਤੀ ਦਾ ਪ੍ਰੋਸੈਸ ਮੁਕੰਮਲ ਹੋਣ ਤੇ ਇਹਨਾਂ ਨੂੰ ਸਾਲ-2014 ਵਿੱਚ ਬਤੌਰ ਪ੍ਰੋਬੇਸਨਰ ਐਸ.ਆਈ ਭਰਤੀ ਕੀਤਾ ਗਿਆ ਸੀ। ਇਸੇ ਸਮੇਂ ਦੌਰਾਨ 2006-07 ਦੇ ਪ੍ਰੋਬੇਸਨਰ ਏ.ਐਸ.ਆਈਜ. (ਸਮੇਤ ਉਪਰੋਕਤ ਰਿੱਟ ਦੇ ਪਟੀਸਨਰਜ) ਨੇ ਬਤੌਰ ਐਸ.ਆਈ. ਤਰੱਕੀਯਾਬ ਹੋ ਗਏ ਸਨ। ਜਿਸ ਤੋਂ ਸਾਫ ਹੈ ਕਿ ਪ੍ਰੋ/ਏ.ਐਸ.ਆਈਜ ਵੱਲੋਂ ਬਦਨੀਅਤ ਨਾਲ ਉਹਨਾਂ ਦੀ ਭਰਤੀ ਲੇਟ ਕਰਵਾਈ ਗਈ ਸੀ ਤਾਂ ਜੋ ਉਹ ਉਹਨਾਂ ਤੋਂ ਪਹਿਲਾ ਬਤੌਰ ਐਸ.ਆਈ. ਤਰੱਕੀ ਹਾਸਲ ਕਰ ਸਕਣ। ਦਰਖਾਸਤਕਰਤਾਵਾਂ ਨੇ ਬੇਨਤੀ ਕੀਤੀ ਹੈ ਕਿ ਉਹਨਾਂ ਨੂੰ ਭਰਤੀ ਸਬੰਧੀ ਇਸ਼ਤਿਹਾਰ ਦੀ ਮਿਤੀ 27.07.2011 ਤੋਂ ਸੀਨੀਆਰਤਾ ਦਿੱਤੀ ਜਾਵੇ।

ਪੁਲਿਸ ਵਿਭਾਗ ਵੱਲੋਂ ਐਸ.ਆਈ. ਰੈਂਕ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਜੁਲਾਈ, 2011 ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ ਅਤੇ ਇਸ ਭਰਤੀ ਵਿਰੁੱਧ ਸਾਲ 2006-07 ਬੈਚ ਦੇ ਪ੍ਰੋਬੇਸਨਰ ਏ.ਐਸ.ਆਈਜ਼ ਵੱਲੋਂ ਮਾਨਯੋਗ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸਨ ਨੰ: 14652/2011 ਦਾਇਰ ਕੀਤੀ ਗਈ ਸੀ, ਜਿਸ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਸਟੇਅ ਦਿੱਤੀ ਗਈ ਸੀ। ਮਿਤੀ 06.05.2013 ਨੂੰ ਉੱਕਤ ਰਿੱਟ ਪਟੀਸਨ ਦਾ ਫੈਸਲਾ ਹੋਣ ਤੋਂ ਬਾਅਦ ਭਰਤੀ ਸਬੰਧੀ ਪ੍ਰੋਸੈਸ ਮੁਕੰਮਲ ਹੋਣ ਤੇ ਪ੍ਰਤੀਬੇਨਤੀਕਰਤਾਵਾਂ ਨੂੰ ਹੁਕਮ ਮਿਤੀ 18.02.2014 ਰਾਹੀਂ ਬਤੌਰ ਐਸ.ਆਈ. ਭਰਤੀ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ।

ਅ) ਸਾਲ-2008 ਦੇ ਪ੍ਰੋ/ਏ.ਐਸ.ਆਈਜ. ਜਿਹਨਾਂ ਨੂੰ ਪ੍ਰਤੀਬੇਨਤੀਕਰਤਾਵਾਂ ਦੀ ਐਲੋਕੇਸਨ ਮਿਤੀ 18.02.2014 ਤੋਂ ਬਾਅਦ ਬਤੌਰ ਐਸ.ਆਈ ਤਰੱਕੀਯਾਬ ਕੀਤਾ ਗਿਆ ਸੀ ਨੂੰ ਹੁਣ ਪ੍ਰਤੀਬੇਨਤੀਕਰਤਾਵਾਂ ਤੋਂ ਉੱਪਰ ਰਿਵਾਇਜਡ ਮਿਤੀ (18.02.2014 ਤੋਂ ਪਹਿਲਾਂ) ਬਤੌਰ ਐਸ.ਆਈ. ਪ੍ਰਪੋਜ ਕੀਤੀ ਗਈ ਹੈ। ਇਹ ਕਰਮਚਾਰੀ ਪੀ.ਪੀ.ਆਰ 13.10 ਮੁਤਾਬਿਕ ਏ.ਐਸ.ਆਈ ਰੈਂਕ ਵਿੱਚ ਲੋੜੀਂਦੀ ਸਰਵਿਸ (ਬੇਸਿਕ ਟਰੇਨਿੰਗ ਤੋਂ ਬਾਅਦ 5 ਸਾਲ) ਪੂਰੀ ਨਹੀਂ ਕਰਦੇ। ਦਰਖਾਸਤਕਰਤਾਵਾਂ ਨੇ ਬੇਨਤੀ ਕੀਤੀ ਹੈ ਕਿ ਇਹਨਾਂ ਕਰਮਚਾਰੀਆਂ ਨੂੰ ਉਹਨਾਂ ਤੋਂ ਬਾਅਦ ਸੀਨੀਆਰਤਾ ਦਿੱਤੀ ਜਾਵੇ।

ਸਿਵਲ ਰਿੱਟ ਪਟੀਸਨ ਨੰ: 1692/1969 ਦਾਇਰ ਵੱਲੋਂ ਸਰਦੂਲ ਸਿੰਘ ਵਿੱਚ ਫੈਸਲੇ ਅਨੁਸਾਰ ਇਸ ਦਫਤਰ ਦੇ ਪੱਤਰ ਨੰ: 612-711/ਈ-1(3) ਮਿਤੀ 06.01.1993 ਰਾਹੀਂ ਜਾਰੀ ਹਦਾਇਤਾਂ ਵਿੱਚ ਲਿਖਿਆ ਗਿਆ ਹੈ ਕਿ "In Sardool Singh's Judgment, the Full Bench of Punjab and Haryana High Court has held that ASI shall be deputed in order of their seniority viz. first confirmed, then on probation and thereafter officiating and the age factor was quashed. Although, there is no specific directions regarding, "Completion of four years service after passing the promotion course of Head Constable and in the case of direct recruitment after 5 years service after passing ASI intial Course" having been quashed, but according to Full Bench Judgment when the ASIs are to be deputed in accordance with seniority, there is no question of completion of 4

years service as ASI for promotee and 5 years of Proby. ASI.” ਇਹਨਾਂ ਹਦਾਇਤਾਂ ਮੁਤਾਬਿਕ ਕਰਮਚਾਰੀਆਂ ਨੂੰ ਉਹਨਾਂ ਦੀ ਲੈਂਥ ਆਫ ਸਰਵਿਸ ਅਨੁਸਾਰ ਤਰੱਕੀ ਕੋਰਸਾਂ ਲਈ ਭੇਜਿਆ ਜਾਂਦਾ ਹੈ। ਮਾਨਯੋਗ ਹਾਈਕੋਰਟ ਦੇ ਹੁਕਮਾਂ ਮੁਤਾਬਿਕ ਮਿਤੀ 20.02.2008 ਤੱਕ ਤਿਆਰ ਕੀਤੀ ਗਈ ਹੈ।

ੲ) 159 ਏ.ਐਸ.ਆਈਜ ਜਿਹਨਾਂ ਨੇ ਅਜੇ ਤੱਕ ਅਪਰ ਸਕੂਲ ਕੋਰਸ ਪਾਸ ਨਹੀਂ ਕੀਤਾ ਨੂੰ ਉਹਨਾਂ ਤੋਂ ਉੱਪਰ ਐਸ.ਆਈ. ਦੀ ਰਿਵਾਇਜਡ ਮਿਤੀ ਦਿੱਤੀ ਜਾ ਰਹੀ ਹੈ ਜੋ ਕਿ ਪੰਜਾਬ ਪੁਲਿਸ ਐਕਟ ਦੀ ਧਾਰਾ-20 (3) ਦੀ ਉਲੰਘਣਾ ਹੈ। ਦਰਖਾਸਤਕਰਤਾਵਾਂ ਨੇ ਬੇਨਤੀ ਕੀਤੀ ਹੈ ਕਿ ਇਹਨਾਂ ਕਰਮਚਾਰੀਆਂ ਨੂੰ ਉਹਨਾਂ ਤੋਂ ਬਾਅਦ ਸੀਨੀਆਰਤਾ ਦਿੱਤੀ ਜਾਵੇ।

ਰਿਵਾਈਜਡ ਸੀਨੀਆਰਤਾ ਮਾਨਯੋਗ ਹਾਈਕੋਰਟ ਦੇ ਹੁਕਮਾਂ ਮੁਤਾਬਿਕ ਮੁੱਖ ਸਿਪਾਹੀਆਂ ਦੀ ਸੀਨੀਆਰਤਾ ਸੂਚੀ ਲਿਸਟ ਸੀ-1 ਨੂੰ ਅਧਾਰ ਮੰਨ ਕੇ ਤਿਆਰ ਕੀਤੀ ਗਈ ਹੈ। ਜਿਸਦੇ ਆਧਾਰ ਤੇ ਏ.ਐਸ.ਆਈ. ਅਤੇ ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀਆਂ ਤਿਆਰ ਕਰਨ ਸਮੇਂ ਕੁੱਝ ਕਰਮਚਾਰੀ ਜੋ ਸੀਨਅਰ ਸਨ, ਉਹ ਜੂਨੀਅਰ ਹੋ ਗਏ ਹਨ ਅਤੇ ਕੁੱਝ ਕਰਮਚਾਰੀ ਜੋ ਜੂਨੀਅਰ ਸਨ ਉਹ ਸੀਨੀਅਰ ਹੋ ਗਏ ਹਨ। ਇਸ ਲਈ ਏ.ਐਸ.ਆਈ ਸੀਨੀਆਰਤਾ ਮੁਤਾਬਿਕ ਐਸ.ਆਈ. ਦੀ ਤਰੱਕੀ ਮਿਤੀ ਇਸ ਸ਼ਰਤ ਤੇ ਪ੍ਰਪੋਜ ਕੀਤੀ ਗਈ ਹੈ ਕਿ ਇਹ ਪਹਿਲਾਂ ਅਪਰ ਸਕੂਲ ਕੋਰਸ ਪਾਸ ਕਰਨਗੇ। ਜਿਹੜੇ ਕਰਮਚਾਰੀ ਅਪਰ ਸਕੂਲ ਕੋਰਸ ਲਈ ਅਯੋਗ/ਅਸਹਿਮਤ ਹੋਣਗੇ ਨੂੰ ਰਿਵਾਇਜ ਤਰੱਕੀ ਮਿਤੀ ਨਹੀਂ ਦਿੱਤੀ ਜਾਵੇਗੀ।

ਸ) 241 ਏ.ਐਸ.ਆਈਜ ਦੀ ਅਸਲ ਤਰੱਕੀ ਲਿਸਟ-ਈ ਅਤੇ ਐਸ.ਆਈ ਤਰੱਕੀ ਮਿਤੀ ਉਹਨਾਂ ਦੀ ਜੁਆਇੰਨਿੰਗ ਤੋਂ ਬਾਅਦ ਦੀ ਹੈ, ਪ੍ਰੰਤੂ ਇਹਨਾਂ ਨੂੰ ਪ੍ਰਤੀਬੇਨਤੀਕਰਤਾਵਾਂ ਤੋਂ ਉੱਪਰ ਰਿਵਾਇਜਡ ਐਸ.ਆਈ. ਤਰੱਕੀ ਮਿਤੀ ਪ੍ਰਪੋਜ ਕੀਤੀ ਗਈ ਹੈ। ਦਰਖਾਸਤਕਰਤਾਵਾਂ ਨੇ ਬੇਨਤੀ ਕੀਤੀ ਹੈ ਕਿ ਇਹਨਾਂ ਕਰਮਚਾਰੀਆਂ ਨੂੰ ਉਹਨਾਂ ਤੋਂ ਬਾਅਦ ਸੀਨੀਆਰਤਾ ਦਿੱਤੀ ਜਾਵੇ।

ਪ੍ਰਤੀਬੇਨਤੀਕਰਤਾਵਾਂ ਵੱਲੋਂ ਦਰਸਾਏ ਕਰਮਚਾਰੀ ਹੁਣ ਮੁੱਖ ਸਿਪਾਹੀ ਅਤੇ ਏ.ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਅੱਗੇ ਆ ਗਏ ਹਨ ਇਸ ਲਈ ਇਹਨਾਂ ਨੂੰ ਇਹਨਾਂ ਦੀ ਸੀਨੀਆਰਤਾ ਅਤੇ ਅਸਾਮੀਆਂ ਅਨੁਸਾਰ ਰਿਵਾਇਜਡ ਤਰੱਕੀ ਬਤੌਰ ਐਸ.ਆਈ ਠੀਕ ਪ੍ਰਪੋਜ ਕੀਤੀ ਗਈ ਹੈ।

ਹ) 86 ਏ.ਐਸ.ਆਈਜ ਨੂੰ ਪੀ.ਪੀ.ਆਰ 13.10 ਮੁਤਾਬਿਕ ਤਰੱਕੀ ਲਿਸਟ-ਡੀ ਤੋਂ ਅੱਗੇ 4 ਸਾਲ ਦੀ ਸਰਵਿਸ ਪੂਰੀ ਹੋਣ ਤੋਂ ਪਹਿਲਾਂ ਹੀ ਬਤੌਰ ਐਸ.ਆਈ ਤਰੱਕੀ ਮਿਤੀਆਂ ਪ੍ਰਪੋਜ ਕੀਤੀਆਂ ਗਈਆਂ ਹਨ। ਦਰਖਾਸਤਕਰਤਾਵਾਂ ਨੇ ਬੇਨਤੀ ਕੀਤੀ ਹੈ ਕਿ ਇਹਨਾਂ ਕਰਮਚਾਰੀਆਂ ਨੂੰ ਪੀ.ਪੀ.ਆਰ. 13.10 ਮੁਤਾਬਿਕ ਤਰੱਕੀ/ਸੀਨੀਆਰਤਾ ਦਿੱਤੀ ਜਾਵੇ।

ਸਿਵਲ ਰਿੱਟ ਪਟੀਸਨ ਨੰ: 1692/1969 ਦਾਇਰ ਵੱਲੋਂ ਸਰਦੂਲ ਸਿੰਘ ਵਿੱਚ ਫੈਸਲੇ ਅਨੁਸਾਰ ਇਸ ਦਫਤਰ ਦੇ ਪੱਤਰ ਨੰ: 612-711/ਈ-1(3) ਮਿਤੀ 06.01.1993 ਰਾਹੀਂ ਜਾਰੀ ਹਦਾਇਤਾਂ ਮੁਤਾਬਿਕ ਕਰਮਚਾਰੀਆਂ ਨੂੰ ਉਹਨਾਂ ਦੀ ਲੈਂਥ ਆਫ ਸਰਵਿਸ ਅਨੁਸਾਰ ਤਰੱਕੀ ਕੋਰਸਾਂ ਲਈ ਭੇਜਿਆ ਜਾਂਦਾ ਹੈ।

ਪ੍ਰਤਬੇਨਤੀਕਰਤਾਵਾਂ ਦੀਆਂ ਪ੍ਰਤੀਬੇਨਤੀਆਂ ਰੱਦ ਕੀਤੀਆਂ ਜਾਦੀਆਂ ਹਨ।

2. **ਇਤਰਾਜ ਵੱਲੋਂ ਐਸ.ਆਈ ਪਰਮਜੀਤ ਕੌਰ ਨੰ: 257/ਜਲੰਧਰ, ਐਸ.ਆਈ ਕੈਲਾਸ਼ ਕੌਰ ਨੰ: 489/ਜਲੰਧਰ, ਇੰਸ/ਲੋਕਲ ਰੈਂਕ ਕਮਲੇਸ਼ ਕੁਮਾਰੀ ਨੰ: 610/ਹੁਸ਼ਿ:, ਐਸ.ਆਈ. ਭੁਪਿੰਦਰ ਕੌਰ ਨੰ: 431/ਜਲੰਧਰ, ਐਸ.ਆਈ ਜਸਵੰਤ ਕੌਰ ਨੰ: 472/ਜਲੰਧਰ, ਐਸ.ਆਈ. ਲਖਵੰਤ ਕੌਰ ਨੰ: 640/ਜਲੰਧਰ, ਐਸ.ਆਈ. ਪਰਮਜੀਤ ਕੌਰ ਨੰ: 492/ਅੰਮ੍ਰਿਤਸਰ, ਐਸ.ਆਈ. ਬਲਜੀਤ ਕੌਰ ਨੰ: 3092/ਅੰਮ੍ਰਿਸਤਰ, ਐਸ.ਆਈ ਹਰਜੀਤ ਕੌਰ ਨੰ: 632/ਅੰਮ੍ਰਿਤਸਰ ਦਿਹਾਤੀ** : ਇਹਨਾਂ ਕਰਮਚਾਰਨਾ ਨੇ ਲਿਖਿਆ ਹੈ ਕਿ ਉਹ ਮਿਤੀ 26.12.2002 ਦੀਆਂ ਏ.ਐਸ.ਆਈ ਤਰੱਕੀਯਾਬ ਹਨ। ਉਹ ਸਾਲ-2007 ਤੋਂ ਅਪਰ ਸਕੂਲ ਕੋਰਸ ਪਾਸ ਹਨ ਮਿਤੀ 11.05.2011 ਨੂੰ ਬਤੌਰ ਐਸ.ਆਈ ਤਰੱਕੀਯਾਬ ਹਨ। ਉਹਨਾਂ ਤੋਂ ਜੂਨੀਅਰ ਪ੍ਰੋ/ਏ.ਐਸ.ਆਈਜ ਜੋ ਕਿ 2003 ਦੇ ਭਰਤੀ ਹਨ ਨੂੰ ਉਹਨਾਂ ਤੋਂ ਉੱਪਰ ਲਗਾਇਆ ਗਿਆ ਹੈ ਅਤੇ ਇਸ ਦਫਤਰ ਦੇ ਪੱਤਰ ਮਿਤੀ 30.08.2018 ਰਾਹੀਂ ਜਾਰੀ ਆਰਜੀ ਸੀਨੀਆਰਤਾ ਸੂਚੀ ਵਿੱਚ ਲਿਸਟ-ਐਫ ਤਜਵੀਜ ਕੀਤੀ ਗਈ ਹੈ। ਇਹਨਾਂ ਨੇ ਲਿਖਿਆ ਹੈ ਕਿ ਇਹਨਾਂ ਨੂੰ ਇਹਨਾਂ ਦੀ ਏ.ਐਸ.ਆਈ ਦੀ ਸੀਨੀਆਰਤਾ ਅਨੁਸਾਰ ਮਿਤੀ 20.02.2008 ਤੋਂ ਬਾਅਦ ਐਸ.ਆਈ ਦੀ ਜਨਰਲ ਸੀਨੀਆਰਤਾ ਵਿੱਚ ਤਰੱਕੀ ਦਿੱਤੀ ਜਾਵੇ।

ਸਾਲ-1990 ਤੋਂ 2012 ਤੱਕ ਵੂਮੇਨ ਕੇਡਰ ਵੱਖਰਾ ਕੇਡਰ ਰਿਹਾ ਹੈ ਅਤੇ ਇਹਨਾਂ ਕਰਮਚਾਰਨਾਂ ਨੂੰ ਵੂਮੇਨ ਕੇਡਰ ਵਿੱਚ ਹੀ ਏ.ਐਸ.ਆਈ ਤਰੱਕੀਯਾਬ ਕੀਤਾ ਗਿਆ ਹੈ। ਇਹਨਾਂ ਕਰਮਚਾਰਨਾਂ ਨੂੰ ਇਹਨਾਂ ਦੀ ਏ.ਐਸ.ਆਈ. ਦੀ ਮਿਤੀ ਅਨੁਸਾਰ ਜਨਰਲ ਕੇਡਰ ਵਿੱਚ ਐਸ.ਆਈ. ਦੀ ਸੀਨੀਆਰਤਾ ਵਿੱਚ ਸਾਮਲ ਕਰ ਲਿਆ ਗਿਆ ਹੈ।

3. **ਇਤਰਾਜ ਵੱਲੋਂ ਐਸ.ਆਈ. ਕੁਲਜਿੰਦਰ ਸਿੰਘ ਨੰ: 2214/ਲੁਧਿਆਣਾ, ਐਸ.ਆਈ. ਸਮਸ਼ੇਰ ਸਿੰਘ ਨੰ: 121/ਜੀ.ਆਰ.ਪੀ., ਐਸ.ਆਈ. ਨਾਇਬ ਸਿੰਘ ਨੰ: 366/ਸੰਗਰੂਰ, ਐਸ.ਆਈ ਜੋਗਿੰਦਰ ਸਿੰਘ ਨੰ: 1389/ਲੁਧਿਆਣਾ, ਰਿਟਾ: ਐਸ.ਆਈ. ਵਿਜੇ ਸਿੰਘ ਨੰ: 171/ਜਲੰਧਰ, ਰਿਟਾ: ਐਸ.ਆਈ. ਗੁਰਨਾਮ ਸਿੰਘ ਨੰ: 505/ਜੀ.ਆਰ.ਪੀ, ਐਸ.ਆਈ. ਦਵਿੰਦਰ ਸਿੰਘ ਨੰ: 285/ਖੰਨਾ, ਐਸ.ਆਈ. ਗੁਲਸ਼ਨ ਲਾਲ ਨੰ: 707/ਅੰਮ੍ਰਿਤਸਰ, ਐਸ.ਆਈ. ਅਮਰਨਾਥ 3213/ਅੰਮ੍ਰਿਤਸਰ, ਐਸ.ਆਈ. ਬਲਵੰਤ ਸਿੰਘ ਨੰ: 1366/ਬਠਿੰਡਾ, ਇੰਸ: ਐਲ.ਆਰ ਬਲਵਿੰਦਰ ਸਿੰਘ ਨੰ: 672/ਬਠਿੰਡਾ, ਰਿਟਾ: ਇੰਸ: ਐਲ.ਆਰ ਸੰਤ ਸਿੰਘ**

**ਨੰ: 608/ਆਰ, ਐਸ.ਆਈ ਬਲਦੇਵ ਸਿੰਘ ਨੰ: 2011/ਬਟਾਲਾ, ਐਸ.ਆਈ ਹਰਬੰਸ ਸਿੰਘ ਨੰ: 1872/ਬਟਾਲਾ, ਐਸ.ਆਈ ਗੁਰਮੇਲ ਸਿੰਘ ਨੰ: 607/ਅੰਮ੍ਰਿਤਸਰ ਦਿਹਾਤੀ, ਐਸ.ਆਈ ਕਸਮੀਰ ਸਿਘ ਨੰ: 290/ਅੰਮ੍ਰਿਤਸਰ ਦਿਹਾਤੀ, ਐਸ.ਆਈ ਬਲਦੇਵ ਸਿੰਘ ਨੰ: 2927/ਅੰਮ੍ਰਿਤਸਰ, ਰਿਟਾ: ਇੰਸ: ਐਲ.ਆਰ ਜਗਦੇਵ ਸਿੰਘ ਨੰ: 98/ਗੁਰ:** : ਕਰਮਚਾਰੀਆਂ ਵੱਲੋਂ ਲਿਖਿਆ ਹੈ ਕਿ ਜਿਹੜੇ ਕਰਮਚਾਰੀ ਉਹਨਾਂ ਨਾਲ ਬਤੌਰ ਐਸ.ਆਈ ਤਰੱਕੀਯਾਬ ਕੀਤੇ ਗਏ ਸਨ ਨੂੰ ਰਿਵਾਇਜਡ ਤਰੱਕੀ ਬਤੌਰ ਐਸ.ਆਈ. ਪਹਿਲੀ ਮਿਤੀਆਂ ਦਿੱਤੀ ਗਈ ਹੈ, ਪ੍ਰੰਤੂ ਦਰਖਾਸਤਕਰਤਾਵਾਂ ਦੀ ਮਿਤੀਆਂ ਰਿਵਾਇਜ ਨਹੀਂ ਕੀਤੀਆਂ ਗਈਆਂ।

ਇਸ ਦਫਤਰ ਦੇ ਪੱਤਰ ਨੰ: 9806-9905/ਈ-1(2) ਮਿਤੀ 12.09.2011 ਰਾਹੀਂ ਫੈਸਲਾ ਲਿਆ ਗਿਆ ਸੀ ਕਿ ਜਿਹੜੇ ਕਰਮਚਾਰੀ 56 ਸਾਲ ਜਾਂ ਵੱਧ ਉਮਰ ਪੂਰੀ ਕਰ ਚੁੱਕੇ ਹਨ ਅਤੇ ਉਹ ਕਰਮਚਾਰੀ ਸੀਨੀਆਰਤਾ ਅਨੁਸਾਰ ਇੰਟਰਮੀਡਿਏਟ/ਅਪਰ ਸਕੂਲ ਕੋਰਸ ਲਈ ਯੋਗ ਹਨ ਨੂੰ ਉੱਕਤ ਤਰੱਕੀ ਕੋਰਸਾ ਤੋਂ ਮਿਤੀ 13.9(2) ਅਤੇ 13.10(2) ਰੀਡ ਵਿਦ 13.21 ਤਹਿਤ ਐਜ ਏ ਕੈਟਾਗਿਰੀ ਅਨੁਸਾਰ ਛੋਟ ਦਿੱਤੀ ਜਾਂਦੀ ਹੈ। ਇਹਨਾਂ ਹਦਾਇਤਾਂ ਅਨੁਸਾਰ ਅਪਰ ਸਕੂਲ ਕੋਰਸ ਤੋਂ ਛੋਟ ਦੇ ਕੇ ਮਿਤੀ 31.08.2012 ਤੋਂ ਐਸ.ਆਈ . ਰੈਂਕ ਵਿੱਚ ਤਰੱਕੀ ਲਈ ਐਲੋਕੇਟ ਕੀਤਾ ਗਿਆ ਸੀ। ਇਹਨਾਂ ਹਦਾਇਤਾਂ ਅਧੀਨ ਪਹਿਲੇ ਬੈਚ ਨੂੰ 56 ਸਾਲ ਜਾਂ ਵੱਧ ਉਮਰ ਕਰਕੇ ਛੋਟ ਦਿੱਤੇ ਕਰਮਚਾਰੀਆਂ ਦਾ ਨਾਮ ਤਰੱਕੀ ਲਿਸਟ ਈ ਤੇ ਮਿਤੀ 01.04.2012 ਨੂੰ ਦਰਜ ਕਰਕੇ ਮਿਤੀ 31.08.2012 ਨੂੰ ਐਲੋਕੇਟ ਕੀਤਾ ਗਿਆ ਸੀ। ਇਹਨਾਂ ਕਰਮਚਾਰੀ ਨੂੰ ਛੋਟ ਦੇ ਕੇ ਇਹਨਾਂ ਦੇ ਨਾਮ ਏ.ਐਸ.ਆਈ ਰੈਂਕ ਦੀ ਸੀਨੀਆਰਤਾ ਅਨੁਸਾਰ ਮਿਤੀ 01.04.2012 ਤੋਂ ਲਿਸਟ-ਈ ਵਿੱਚ ਦਰਜ ਕਰਕੇ ਮਿਤੀ 31.08.2012 ਤੋ ਐਸ.ਆਈ ਰੈਂਕ ਦੀ ਸੀਨੀਆਰਤਾ ਦਿੱਤੀ ਗਈ ਹੈ।

4. **ਇਤਰਾਜ ਵੱਲੋਂ ਇੰਸ:/ਲੋਕਲ ਰੈਂਕ ਰਛਪਾਲ ਸਿੰਘ ਨੰ: 602/ਮਜੀਠਾ** : ਕਰਮਚਾਰੀ ਵੱਲੋਂ ਲਿਖਿਆ ਗਿਆ ਹੈ ਕਿ ਅੱਤਵਾਦ ਸਮੇਂ ਮੁਕਾਬਲਿਆਂ ਦੌਰਾਨ ਉਸਦੀ ਬਾਂਹ 60% ਨਕਾਰਾ ਹੋਣ ਕਰਕੇ ਇਸ ਦਫਤਰ ਦੇ ਹੁਕਮ ਨੰ: 5059/ਟਰੇਨਿੰਗ-1 ਮਿਤੀ 26.06.2009 ਰਾਹੀਂ ਉਸਨੂੰ ਅਪਰ ਸਕੂਲ ਕੋਰਸ ਤੋਂ ਛੋਟ ਦਿੱਤੀ ਗਈ ਸੀ ਅਤੇ ਉਸਦਾ ਨਾਮ ਤਰੱਕੀ ਲਿਸਟ ਈ-2 ਤੇ ਉਸਦੇ ਨਾਲ ਦੇ ਬਾਕੀ ਅਪਰ ਸਕੂਲ ਕੋਰਸ ਕਰਕੇ ਲਿਸਟ ਈ-1 ਤੇ ਦਰਜ ਹੋਣ ਵਾਲੇ ਕਰਮਚਾਰੀਆਂ ਦੇ ਨਾਲ ਹੀ ਦਰਜ ਕਰਨ ਬਾਰੇ ਹੁਕਮ ਹੋਏ ਸਨ। ਉਸਦੇ ਵਿਰੁੱਧ ਕੋਈ ਵੀ ਕ੍ਰਿਮੀਨਲ ਕੇਸ/ਵਿਭਾਗੀ ਪੜਤਾਲ ਲੰਬਿਤ ਨਹੀਂ ਸੀ ਫਿਰ ਵੀ ਇਹਨਾਂ ਹੁਕਮਾਂ ਨੂੰ ਜਾਰੀ ਨਹੀਂ ਕੀਤਾ ਗਿਆ। ਉਸਦੇ ਵਿਰੁੱਧ 2 ਮੁੱਕਦਮੇ ਮਿਤੀ 31.12.2009 ਅਤੇ 17.02.2010 ਥਾਣਾ ਲੋਪੋਕੇ ਵਿਖੇ ਦਰਜ ਹੋਏ ਸਨ। ਇਹ ਮਕੁੱਦਮੇ ਬਾਅਦ ਵਿੱਚ ਕੈਂਸਲ ਹੋ ਗਏ ਸਨ। ਹੁਣ ਉਸਦੇ ਵਿਰੁੱਧ ਕੋਈ ਵੀ ਮੁਕੱਦਮਾ ਲੰਬਿਤ ਨਹੀਂ ਹੈ। ਉਸਨੂੰ ਅਤੇ ਉਸਦੇ ਨਾਲ ਦੇ ਕਰਮਚਾਰੀਆਂ ਨੂੰ ਸੀਨੀਆਰਤਾ ਅਨੁਸਾਰ ਇਸ ਦਫਤਰ ਵੱਲੋਂ ਪੱਤਰ ਨੰ: 17631-43/ਈ-1(2) ਮਿਤੀ 20.12.2010 ਰਾਹੀਂ ਮਿਤੀ 15.12.2010 ਤੋਂ ਹੋਏ ਅਪਰ ਸਕੂਲ ਕੋਰਸ ਲਈ ਸਲੈਕਟ ਕੀਤਾ ਗਿਆ ਸੀ, ਪਰ ਉਸਨੂੰ ਛੋਟ ਮਿਲੀ ਹੋਣ ਕਰਕੇ ਉਹ ਪੀ.ਪੀ.ਏ, ਫਿਲੌਰ ਵਿਖੇ ਅਪਰ ਸਕੂਲ ਕੋਰਸ ਕਰਨ ਨਹੀਂ ਗਿਆ ਸੀ। ਇਹ ਹੁਕਮ ਜਾਰੀ ਹੋਣ ਤੋਂ ਬਾਅਦ ਉਸਨੂੰ ਇਸ ਦਫਤਰ ਦੇ ਹੁਕਮ ਨੰ: 13717-20/ਈ-1(2) ਮਿਤੀ 06.12.2011 ਰਾਹੀਂ ਮਿਤੀ 06.12.2011 ਤੋਂ ਤਰੱਕੀ ਲਿਸਟ ਈ-2 ਦੇ ਕੇ ਨਾਲ ਹੀ ਬਤੌਰ ਐਸ.ਆਈ ਤਰੱਕੀਯਾਬ ਕੀਤਾ ਗਿਆ ਸੀ, ਜਦਕਿ ਉਸਨੂੰ ਪਹਿਲਾਂ ਹੀ ਅਪਰ ਸਕੂਲ ਕੋਰਸ ਤੋਂ ਛੋਟ ਮਿਲੀ ਹੋਈ ਸੀ। ਉਸਨੂੰ ਜਿਹਨਾਂ ਕਰਮਚਾਰੀਆਂ ਨਾਲ ਅਪਰ ਸਕੂਲ ਕੋਰਸ ਲਈ ਸਲੈਕਟ ਕੀਤਾ ਗਿਆ ਸੀ, ਉਹਨਾਂ ਨੂੰ ਮਿਤੀ 01.04.2011 ਤੋਂ ਲਿਸਟ ਈ-1 ਅਤੇ 08.07.2011 ਤੋਂ ਬਤੌਰ ਐਸ.ਆਈ ਤਰੱਕੀਯਾਬ ਕੀਤਾ ਗਿਆ ਸੀ। ਹੁਣ ਇਹਨਾਂ ਕਰਮਚਾਰੀਆਂ ਨੂੰ ਆਰਜੀ ਸੀਨੀਆਰਤਾ ਸੂਚੀ ਵਿੱਚ 01.04.2007 ਤੋਂ ਰਿਵਾਇਡ ਲਿਸਟ ਈ-1 ਅਤੇ 01.04.2010 ਤੋਂ ਬਤੌਰ ਐਸ.ਆਈ ਪ੍ਰਪੋਜ ਕੀਤੀ ਗਈ ਹੈ ਅਤੇ ਮਿਤੀ 01.01.2018 ਤੋਂ ਤਰੱਕੀ ਲਿਸਟ ਐਫ ਵਿੱਚ ਦਰਜ ਕੀਤਾ ਗਿਆ ਹੈ। ਉਸਨੇ ਬੇਨਤੀ ਕੀਤੀ ਹੈ ਕਿ ਉਸਨੂੰ ਐਸ.ਆਈ ਤਰੱਕੀ ਮਿਤੀ 06.12.2011 ਦੀ ਬਜਾਏ 01.04.2011 ਤੋਂ ਲਿਸਟ ਈ-2 ਅਤੇ ਮਿਤੀ 08.07.2011 ਤੋਂ ਐਸ.ਆਈ ਤਰੱਕੀ ਅਨੁਸਾਰ ਰਿਵਾਇਜਡ ਲਿਸਟ ਈ 01.04.2007, ਰਿਵਾਜਿਡ ਤਰੱਕੀ ਬਤੌਰ ਐਸ.ਆਈ ਮਿਤੀ 01.04.2010 ਦੇ ਕੇ ਮਿਤੀ 01.01.2018 ਤੋਂ ਲਿਸਟ-ਐਫ ਦਿੱਤੀ ਜਾਵੇ।

ਇਸ ਦਫਤਰ ਦੇ ਪੱਤਰ ਨੰ: 5059/ਟਰੇਨਿੰਗ-1 ਮਿਤੀ 26.06.2009 ਰਾਹੀਂ ਐਸ.ਆਈ. ਰਛਪਾਲ ਸਿੰਘ ਨੰ: 602/ਮਜੀਠਾ ਦਾ ਨਾਮ ਲਿਸਟ ਈ-2 ਵਿੱਚ ਉਸ ਮਿਤੀ ਤੋਂ ਦਰਜ ਕੀਤਾ ਗਿਆ ਸੀ ਜਿਸ ਮਿਤੀ ਤੋਂ ਇਸ ਕਰਮਚਾਰੀ ਦੀ ਅਪਰ ਸਕੂਲ ਕੋਰਸ ਦੀ ਵਾਰੀ ਬਣਦੀ ਸੀ ਅਤੇ ਜਿਸ ਮਿਤੀ ਤੋਂ ਇਸਦੇ ਨਾਲ ਦੇ ਬਾਕੀ ਅਪਰ ਸਕੂਲ ਕੋਰਸ ਪਾਸ ਕਰਨ ਵਾਲੇ ਕਰਮਚਾਰੀ ਲਿਸਟ ਈ-1 ਵਿੱਚ ਦਰਜ ਹੋਣੇ ਸਨ, ਪ੍ਰੰਤੂ ਇਹ ਹੁਕਮ ਲਾਗੂ ਨਹੀਂ ਕੀਤੇ ਗਏ ਸਨ। ਇਸ ਉਪਰੰਤ ਇਸ ਦਫਤਰ ਦੇ ਹੁਕਮ ਨੰ: 13717-20/ਈ-1(2) ਮਿਤੀ 06.12.2011 ਰਾਹੀਂ ਇਸ ਕਰਮਚਾਰੀ ਦਾ ਨਾਮ ਤਰੱਕੀ ਲਿਸਟ ਈ-2 ਤੇ ਦਰਜ ਕਰਕੇ 13.21 ਤਹਿਤ ਬਤੌਰ ਐਸ.ਆਈ ਤਰੱਕੀਯਾਬ ਕੀਤਾ ਗਿਆ ਸੀ। ਇਸ ਦਫਤਰ ਵੱਲੋਂ ਐਸ.ਆਈਜ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਇਸ ਕਰਮਚਾਰੀ ਦਾ ਨਾਮ ਇਸਦੀ ਪੀ.ਪੀ.ਆਰ 13.21 ਤਹਿਤ ਮਿਤੀ 06.12.2011 ਤੋਂ ਤਰੱਕੀ ਅਨੁਸਾਰ ਹੀ ਦਰਜ ਕੀਤਾ ਗਿਆ ਹੈ। ਜਦੋਂਕਿ ਏ.ਐਸ.ਆਈ ਰੈਂਕ ਵਿੱਚ ਇਸਤੋਂ ਜੂਨੀਅਰ ਕਰਮਚਾਰੀ ਨੂੰ ਰਿਵਾਇਜਡ ਐਸ.ਆਈ ਤਰੱਕੀ ਮਿਤੀ 01.04.2010 ਦਿੱਤੀ ਗਈ ਹੈ। ਇਸ ਕਰਮਚਾਰੀ ਨੂੰ ਆਪਣੇ ਬੈਚ ਜਿਹਨਾਂ ਦੇ ਨਾਮ ਲਿਸਟ ਈ-1 ਤੇ ਦਰਜ ਹਨ ਦੇ ਨਾਲ ਈ-1 ਤੇ ਦਰਜ ਕਰਕੇ ਰਿਵਾਇਜਡ ਐਸ.ਆਈ ਤਰੱਕੀ ਮਿਤੀ ਇਸ ਸ਼ਰਤ ਤੇ ਦਿੱਤੀ ਜਾਦੀ ਹੈ ਕਿ ਉਸਨੂੰ ਅਪਰ ਸਕੂਲ ਕੋਰਸ ਪਾਸ ਕਰਨਾ ਪਵੇਗਾ। ਜੇਕਰ ਉਹ ਕਰਮਚਾਰੀ ਅਜਿਹਾ ਨਹੀ ਕਰਦਾ ਤਾਂ ਉਸਨੂੰ ਉਸਦੀ ਵਾਰੀ ਪਹਿਲਾਂ ਦਿੱਤੀ ਤਰੱਕੀ ਮਿਤੀ ਅਨੁਸਾਰ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਜਾਵੇਗਾ।

5. **ਇਤਰਾਜ ਵੱਲੋਂ ਰਿਟਾ: ਇੰਸਪੈਕਟਰ ਬਲਵਿੰਦਰ ਸਿੰਘ ਨੰ: 771/ਜਲੰਧਰ** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਉਸ ਨੂੰ ਮਿਤੀ 03.12.2011 ਨੂੰ ਅਪਰ ਸਕੂਲ ਕੋਰਸ ਕਰਨ ਲਈ ਪੀ.ਪੀ.ਏ ਫਿਲੌਰ ਗਿਆ ਸੀ। ਮਿਤੀ 09.12.2011 ਨੂੰ ਉਸਨੂੰ ਲਿਸਟ ਈ-2 ਦਿੱਤੀ

ਗਈ ਸੀ, ਪਰ ਉਹ ਕੋਰਸ ਵਿੱਚ ਹੀ ਛੱਡ ਕੇ ਵਾਪਸ ਨਹੀਂ ਆਇਆ ਅਤੇ ਅਪ੍ਰੈਲ-2012 ਵਿੱਚ ਅਪਰ ਸਕੂਲ ਕੋਰਸ ਪਾਸ ਕਰਕੇ ਵਾਪਸ ਆਇਆ। ਨਵੀਂ ਸੀਨੀਆਰਤਾ ਅਨੁਸਾਰ ਉਸਦਾ ਨਾਮ ਅਪਰ ਸਕੂਲ ਕੋਰਸ ਪਾਸ ਕਰਮਚਾਰੀਆਂ ਵਿੱਚ ਦਰਜ ਨਹੀਂ ਕੀਤਾ ਗਿਆ । ਉਸਨੇ ਬੇਨਤੀ ਕੀਤੀ ਹੈ ਕਿ ਉਸਦੀ ਸੀਨੀਆਰਤਾ ਠੀਕ ਕੀਤੀ ਜਾਵੇ।

ਇਸ ਕਰਮਚਾਰੀ ਨੂੰ ਤਰੱਕੀ ਲਿਸਟ ਈ-2 ਦੇ ਕੇ ਵਾਰੀ ਤੋਂ ਪਹਿਲਾਂ ਮਿਤੀ 09.12.2011 ਤੋਂ ਬਤੌਰ ਐਸ.ਆਈ. ਤਰੱਕੀਯਾਬ ਕੀਤਾ ਗਿਆ ਸੀ। ਜਿਸ ਅਨੁਸਾਰ ਇਸਦਾ ਨਾਮ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਗਿਆ ਹੈ, ਪ੍ਰੰਤੂ ਇਸ ਕਰਮਚਾਰੀ ਨੇ ਮਿਤੀ 01.12.2011 ਤੋਂ 31.04.2012 ਅਪਰ ਸਕੂਲ ਕੋਰਸ ਪਾਸ ਕੀਤਾ ਹੈ ਇਸ ਲਈ ਇਸਦਾ ਨਾਮ ਇਸਦੀ ਏ.ਐਸ.ਆਈ. ਸੀਨੀਆਰਤਾ ਮੁਤਾਬਿਕ ਇਸਦੀ ਲਿਸਟ ਈ-1 ਅਨੁਸਾਰ ਦਰਜ ਕਰ ਦਿੱਤਾ ਗਿਆ ਹੈ।

6. **ਇਤਰਾਜ ਵੱਲੋਂ ਐਸ.ਆਈ. ਮਨਜੀਤ ਸਿੰਘ ਨੰ: 164/ਲੁਧਿਆਣਾ** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਐਸ.ਆਈ ਦੀ ਮਿਤੀ 20.02.2008 ਜਾਰੀ ਕੀਤੀ ਆਰਜੀ ਸੀਨੀਆਰਤਾ ਵਿੱਚ ਉਸਦਾ ਨਾਮ ਸੀਰੀਅਲ ਨੰ: 1365 ਪਰ ਦਰਜ ਹੈ, ਪ੍ਰੰਤੂ ਉਹ ਮਿਤੀ 11.08.1989 ਦਾ ਮੁੱਖ ਸਿਪਾਹੀ ਪ੍ਰਮੋਟ ਹੈ ਅਤੇ ਰਿਵਾਇਜਡ ਏ.ਐਸ.ਆਈ ਮਿਤੀ 05.07.2006, ਲਿਸਟ-ਈ ਮਿਤੀ 08.11.2012 ਅਤੇ ਤਰੱਕੀ ਬਤੌਰ ਐਸ.ਆਈ ਮਿਤੀ 30.11.2012 ਹੈ। ਉਸਦੇ ਨਾਲ ਦੇ ਤਰੱਕੀਯਾਬ ਐਸ.ਆਈ ਦਲਬੀਰ ਸਿੰਘ ਨੰ: 2234/ਲੁਧਿਆਣਾ (2534/ਲੁਧਿਆਣਾ) ਸੀਰੀਅਲ ਨੰ: 542 ਅਤੇ ਐਸ.ਆਈ ਨਰਿੰਦਰ ਕੁਮਾਰ ਨੰ: 1132/ਲੁਧਿਆਣਾ ਸੀਰੀਅਲ ਨੰ: 607 ਪਰ ਅੰਕਿਤ ਹੈ, ਸਾਰੇ 03.04.2013 ਨੂੰ ਐਸ.ਆਈ ਤਰੱਕੀਯਾਬ ਹੋਏ ਸੀ। ਇਸ ਲਈ ਉਸਦੀ ਸੀਨੀਆਰਤਾ ਠੀਕ ਕੀਤੀ ਜਾਵੇ।

ਇਸ ਕਰਮਚਾਰੀ ਦਾ ਨਾਮ ਪੀ.ਪੀ.ਆਰ 13.10(1) ਤਹਿਤ ਮਿਤੀ 08.11.2012 ਤੋਂ ਤਰੱਕੀ ਲਿਸਟ ਈ-2 ਤੇ ਦਰਜ ਕੀਤਾ ਗਿਆ ਸੀ। ਇਸ ਦਫਤਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਇਸ ਕਰਮਚਾਰੀ ਨੂੰ ਤਰੱਕੀ ਲਿਸਟ ਈ-2 ਦੇ ਮੁਤਾਬਿਕ ਐਸ.ਆਈ ਦੀ ਜਾਰੀ ਕੀਤੀ ਗਈ ਜਿਲ੍ਹਾ ਕੇਡਰ ਦੀ ਆਰਜੀ ਸੀਨੀਅਰਤਾ ਸੂਚੀ ਵਿੱਚ ਰਿਵਾਇਜਡ ਤਰੱਕੀ ਬਤੌਰ ਐਸ.ਆਈ ਮਿਤੀ 30.11.2012 ਪ੍ਰਪੋਜ ਕੀਤੀ ਗਈ ਹੈ। ਜਦੋਂਕਿ ਜਿਹਨਾਂ ਕਰਮਚਾਰੀਆਂ ਵਿਰੁੱਧ ਇਹ ਤਰੱਕੀ ਦੀ ਮੰਗ ਕਰ ਰਿਹਾ ਹੈ ਉਹ ਅਪਰ ਸਕੂਲ ਕੋਰਸ ਪਾਸ ਕਰਨ ਉਪਰੰਤ ਤਰੱਕੀ ਲਿਸਟ ਈ-1 ਤੇ ਦਰਜ ਹਨ ਅਤੇ ਉਹਨਾਂ ਨੂੰ ਐਸ.ਆਈ ਦੀ ਰਿਵਾਇਡਜ ਤਰੱਕੀ ਮਿਤੀ 01.07.2010 ਪ੍ਰਪੋਜ ਕੀਤੀ ਗਈ ਹੈ। ਇਸ ਕਰਮਚਾਰੀ ਨੂੰ ਆਪਣੇ ਬੈਚ ਜਿਹਨਾਂ ਦੇ ਨਾਮ ਲਿਸਟ ਈ-1 ਤੇ ਦਰਜ ਹਨ ਦੇ ਨਾਲ ਈ-1 ਤੇ ਦਰਜ ਕਰਕੇ ਰਿਵਾਇਜਡ ਐਸ.ਆਈ ਤਰੱਕੀ ਮਿਤੀ ਇਸ ਸ਼ਰਤ ਤੇ ਦਿੱਤੀ ਜਾਦੀ ਹੈ ਕਿ ਉਸਨੂੰ ਅਪਰ ਸਕੂਲ ਕੋਰਸ ਪਾਸ ਕਰਨਾ ਪਵੇਗਾ। ਜੇਕਰ ਉਹ ਕਰਮਚਾਰੀ ਅਜਿਹਾ ਨਹੀ ਕਰਦਾ ਤਾਂ ਉਸਨੂੰ ਉਸਦੀ ਵਾਰੀ ਪਹਿਲਾਂ ਦਿੱਤੀ ਤਰੱਕੀ ਮਿਤੀ ਅਨੁਸਾਰ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਜਾਵੇਗਾ।

7. **ਇਤਰਾਜ ਵੱਲੋਂ ਐਸ.ਆਈ ਪਰਮਜੀਤ ਕੌਰ ਨੰ: 4/ਐਫ.ਡੀ.ਆਰ.ਟੀ** (45/**ਇੰਟੈਲੀਜੈਂਸ**), **ਐਸ.ਆਈ. ਪਰਮਦੀਪ ਕੌਰ ਨੰ: 174/ਬੀ.ਆਰ.ਟੀ** : ਇਹਨਾਂ ਕਰਮਚਾਰਨਾਂ ਵੱਲੋਂ ਲਿਖਿਆ ਹੈ ਕਿ ਉਹ ਤਰਸ ਦੇ ਅਧਾਰ ਤੇ ਸਾਲ 2004-05 ਦੀਆਂ ਬਤੌਰ ਪ੍ਰੋ/ਏ.ਐਸ.ਆਈ ਭਰਤੀ ਹਨ। ਜਾਰੀ ਕੀਤੀ ਗਈ ਐਸ.ਆਈ. ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਉਸਦਾ ਨਾਮ ਲੜੀ ਨੰ: 1188, 1256 ਪਰ ਦਰਜ ਹੈ। ਲੜੀ ਨੰ: 661 ਤੋਂ 665 ਉਹਨਾਂ ਤੋਂ ਬਾਅਦ ਵਿੱਚ ਭਰਤੀ ਹੋਏ ਕਰਮਚਾਰੀਆਂ ਨੂੰ ਉਹਨਾਂ ਤੋਂ ਅੱਗੇ ਲਗਾਇਆ ਗਿਆ ਹੈ। ਉਹਨਾਂ ਨੂੰ ਐਸ.ਆਈ ਦੀ ਤਰੱਕੀ ਮਿਤੀ 01.09.2010 ਦਿੱਤੀ ਗਈ ਹੈ। ਜਦੋਂਕਿ ਇਹਨਾਂ ਕਰਮਚਾਰੀਆਂ ਦੀ ਅਤੇ ਦਰਖਾਸਤਕਰਤਾ ਦੀ ਲਿਸਟ-ਈ ਅਤੇ ਬਤੌਰ ਐਸ.ਆਈ ਤਰੱਕੀ ਮਿਤੀ ਇੱਕ ਹੀ ਹੈ। ਇਸੇ ਤਰ੍ਹਾ ਲੜੀ ਨੰ: 927 ਤੋਂ 949, 955 ਤੋਂ 957, 1112 ਤੋਂ 1129 ਜੋ ਕਰਮਵਾਰ ਸਾਲ-2007 ਅਤੇ 2008 ਦੇ ਭਰਤੀ ਹੈ। ਇਹਨਾਂ ਕਰਮਚਾਰੀਆਂ ਨੂੰ ਉਹਨਾਂ ਤੋਂ ਸੀਨੀਆਰ ਦਿਖਾਇਆ ਗਿਆ ਹੈ ਅਤੇ ਐਸ.ਆਈ. ਤਰੱਕੀਯਾਬ ਮਿਤੀ 08.07.2011 ਤੋਂ ਕੀਤਾ ਗਿਆ ਹੈ। ਇਹਨਾਂ ਨੇ ਅਪਰ ਸਕੂਲ ਕੋਰਸ ਵੀ 2013 ਵਿੱਚ ਕੀਤਾ ਹੈ ਜਦੋਂਕਿ ਦਰਖਾਸਤਕਰਤਾ ਨੂੰ ਸਾਲ-2012 ਤੋਂ ਤਰੱਕੀਯਾਬ ਕੀਤਾ ਗਿਆ ਹੈ। ਉਸਨੂੰ ਪ੍ਰਪੋਜਡ ਐਸ.ਆਈ. ਦੀ ਤਰੱਕੀ ਮਿਤੀ ਉੱਕਤ ਕਰਮਚਾਰੀਆਂ ਤੋਂ ਬਾਅਦ ਵਿੱਚ ਦਿੱਤੀ ਗਈ ਹੈ, ਜਿਸ ਕਰਕੇ ਉਸਦਾ ਨਾਮ ਸੀਨੀਆਰਤਾ ਵਿੱਚ ਕਾਫੀ ਪਿਛੇ ਕਰ ਦਿੱਤਾ ਗਿਆ ਹੈ।

ਇਹ ਕਰਮਚਾਰਨਾਂ ਮਿਤੀ 21.01.2005/22.12.2005 ਦੀਆਂ ਪ੍ਰੋ/ਏ.ਐਸ.ਆਈ ਭਰਤੀ ਹਨ । ਹੁਣ ਜਾਰੀ ਕੀਤੀ ਗਈ ਆਰਜੀ ਸੀਨੀਆਰਤਾ ਸੂਚੀ ਵਿੱਚ ਇਹਨਾਂ ਨੂੰ ਰਿਵਾਇਜ ਤਰੱਕੀ ਮਿਤੀ 27.03.2012/31.08.2012 ਪ੍ਰਪੋਜ ਕੀਤੀ ਗਈ ਹੈ। ਇਹਨਾਂ ਕਰਮਚਾਰਨਾਂ ਦਾ ਨਾਮ ਏ.ਐਸ.ਆਈ ਦੀ ਸੀਨੀਆਰਤਾ ਅਨੁਸਾਰ ਐਸ.ਆਈ ਸੀਨੀਆਰਤਾ ਸੂਚੀ ਵਿੱਚ ਦਰਜ ਕਰ ਦਿੱਤਾ ਗਿਆ ਹੈ।

8. **ਇਤਰਾਜ ਵੱਲੋਂ ਇੰਸ: ਰਾਮ ਪਾਲ ਨੰ: 1054/ਪੀ.ਏ.ਪੀ** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਉਹ ਪਠਾਨਕੋਟ ਸਿਟੀ ਵਿੱਖੇ ਕੰਪਨੀ ਡੀ ਵਿੱਚ ਕੰਪਨੀ ਕਮਾਂਡਰ ਡਿਊਟੀ ਨਿਭਾ ਰਿਹਾ ਹੈ। ਉਸਦੀ ਜਨਮ ਮਿਤੀ 01.01.1960, ਭਰਤੀ ਮਿਤੀ 30.03.1984, ਮੁੱਖ ਸਿਪਾਹੀ ਤਰੱਕੀ ਮਿਤੀ 12.07.1990 ਅਤੇ ਐਸ.ਆਈ ਰੈਂਕ ਵਿੱਚ ਬਾਰਡਰ ਰੇਂਜ ਤੋਂ ਸਾਲ-2002 ਤੋਂ ਤਰੱਕੀਯਾਬ ਹੋਇਆ ਸੀ। ਜਿਲ੍ਹੇ ਵਿੱਚ ਸੀਨੀਆਰਤਾ ਹਾਸਲ ਕਰਨ ਸਬੰਧੀ ਉਸਨੇ ਰਿੱਟ ਲਗਾਈ ਹੋਈ ਹੈ। ਜਿਸਦਾ ਫੈਸਲਾ ਆਉਣਾ ਬਾਕੀ ਹੈ। ਰਿੱਟ ਵਿੱਚ ਅਗਲੀ ਤਾਰੀਕ 07.03.2019 ਪਈ ਹੈ। ਉਸਨੇ ਬੇਨਤੀ ਕੀਤੀ ਹੈ ਕਿ ਕੋਰਟ ਕੇਸ ਦੇ ਫੈਸਲੇ ਤੋਂ ਪਹਿਲਾਂ ਜੇਕਰ ਉਸਨੂੰ ਬਾਰਡਰ ਰੇਂਜ ਵਿੱਚ ਐਸ.ਆਈ. ਰੈਂਕ ਦੀ ਸੀਨੀਆਰਤਾ/ਤਰੱਕੀ ਫਿਕਸ ਕਰਕੇ ਜਿਲ੍ਹੇ ਵਿੱਚ ਭੇਜਿਆ ਜਾਂਦਾ ਹੈ ਤਾਂ ਉਹ ਬਾਰਡਰ ਰੇਂਜ, ਜਿਲ੍ਹਾ ਅੰਮ੍ਰਿਤਸਰ ਵਿੱਚ ਜਾਣ ਲਈ ਤਿਆਰ ਹੈ।

ਇਹ ਕਰਮਚਾਰੀ ਪੁਰਾਣੀ ਸੀਨੀਆਰਤਾ ਸੀਨੀਆਰਤਾ ਅਨੁਸਾਰ ਮਿਤੀ 03.11.2015 ਤੋਂ ਬਤੌਰ ਇੰਸਪੈਕਟਰ ਤਰੱਕੀਯਾਬ ਹੈ। ਇਸ ਕਰਮਚਾਰੀ ਨੂੰ ਏ.ਐਸ.ਆਈ ਰੈਂਕ ਦੀ ਵੰਡ ਕਰਦੇ ਸਮੇਂ ਪ੍ਰਬੰਧਕੀ ਅਧਾਰ ਤੇ ਜਿਲ੍ਹਾ ਕੇਡਰ ਦੀ ਸੀਨੀਆਰਤਾ ਸੂਚੀ ਵਿੱਚ ਸਾਮਿਲ ਕੀਤਾ ਗਿਆ ਹੈ। ਜਿਸ ਅਨੁਸਾਰ ਇਸਨੂੰ ਜਿਲ੍ਹਾ ਪੁਲਿਸ ਕੇਡਰ ਵਿੱਚ ਐਸ.ਆਈ. ਦੀ ਰਿਵਾਇਜ ਮਿਤੀ 08.07.2011 ਪ੍ਰਪੋਜ ਕੀਤੀ ਗਈ ਹੈ। ਐਸ.ਆਈ. ਦੀ ਆਰਜੀ ਸੀਨੀਆਰਤਾ ਮੁਤਾਬਿਕ ਇਹ ਕਰਮਚਾਰੀ ਜਿਲ੍ਹਾ ਪੁਲਿਸ ਕੇਡਰ ਵਿੱਚ ਅਜੇ ਤੱਕ ਇੰਸਪੈਕਟਰ ਤਰੱਕੀਯਾਬ ਨਹੀਂ ਹੁੰਦਾ ਹੈ। ਜਿਹੜੇ ਕਰਮਚਾਰੀਆਂ ਨੂੰ ਵੰਡ ਉਪਰੰਤ ਜਿਲ੍ਹਾ ਕੇਡਰ ਤੋਂ ਆਰਮਡ ਕੇਡਰ ਜਾਂ ਆਰਮਡ ਕੇਡਰ ਤੋਂ ਜਿਲ੍ਹਾ ਕੇਡਰ ਵਿੱਚ ਸਾਮਿਲ ਕੀਤਾ ਗਿਆ ਹੈ ਉਹਨਾਂ ਦੀ ਅੱਗੇ ਤਾਇਨਾਤੀ ਬਾਰੇ ਫੈਸਲਾ ਸੀਨੀਆਰਤਾ ਸੂਚੀਆਂ ਫਾਈਨਲ ਹੋਣ ਤੋਂ ਬਾਅਦ ਲਿਆ ਜਾਵੇਗਾ।

9. **ਇਤਰਾਜ ਵੱਲੋਂ ਰਿਟਾ: ਐਸ.ਆਈ. ਨਿਰਮਲ ਸਿੰਘ ਨੰ: 572/ਸੰਗਰੂਰ, ਰਿਟਾ: ਏ.ਐਸ.ਆਈ ਧਰਮਜੀਤ ਸਿੰਘ ਨੰ: 2953/ਅੰਮ੍ਰਿਤਸਰ** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਉਹ ਮਿਤੀ 27.07.1982 ਨੂੰ ਜਿਲ੍ਹਾ ਸੰਗਰੂਰ ਵਿਖੇ ਬਤੌਰ ਸਿਪਾਹੀ ਭਰਤੀ ਹੋਇਆ ਸੀ ਅਤੇ ਮਿਤੀ 31.07.2018 ਨੂੰ ਬਤੌਰ ਏ.ਐਸ.ਆਈ (ਐਸ.ਆਈ/ਲੋਕਲ ਰੈਂਕ) ਰਿਟਾਇਰ ਹੋਇਆ ਹੈ। ਇਸਨੂੰ ਏ.ਐਸ.ਆਈ ਰੈਂਕ ਦੀ ਰਿਵਾਇਜਡ ਤਰੱਕੀ ਮਿਤੀ 23.10.2006 ਦਿੱਤੀ ਗਈ ਹੈ। ਐਸ.ਆਈ. ਰੈਂਕ ਦੀ ਮਿਤੀ 20.02.2008 ਤੋਂ ਬਾਅਦ ਜਿਲ੍ਹਾ ਕੇਡਰ ਦੀ ਸੀਨੀਆਰਤਾ ਲਿਸਟ ਵਿੱਚ ਉਸਦਾ ਨਾਮ ਦਰਜ ਨਹੀਂ ਹੈ। ਜਦਕਿ ਮਿਤੀ 07.01.2010 ਤੋਂ ਬਤੌਰ ਏ.ਐਸ.ਆਈ ਤਰੱਕੀਯਾਬ ਹੋਏ ਕਰਮਚਾਰੀਆਂ ਨੂੰ ਪ੍ਰੋਪਜ ਐਸ.ਆਈ. ਮਿਤੀ 08.07.2011 ਦਿੱਤੀ ਗਈ ਹੈ। ਉਸਨੇ ਬੇਨਤੀ ਕੀਤੀ ਹੈ ਕਿ ਉਸਨੂੰ ਵੀ ਐਸ.ਆਈ. ਦੀ ਰਿਵਾਇਜਡ ਮਿਤੀ 08.07.2011 ਦੇ ਕੇ ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਸਾਮਲ ਕੀਤਾ ਜਾਵੇ। ਰਿਟਾ: ਏ.ਐਸ.ਆਈ ਧਰਮਜੀਤ ਸਿੰਘ ਨੰ: 2953/ਅੰਮ੍ਰਿਤਸਰ ਨੇ ਲਿਖਿਆ ਹੈ ਕਿ ਉਸਤੋ ਜੂਨੀਅਰ ਕਰਮਚਾਰੀਆਂ ਦਾ ਨਾਮ ਐਸ.ਆਈ ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਗਿਆ ਹੈ, ਜਦਕਿ ਉਸਨੂੰ ਐਸ.ਆਈ ਦ ਸੀਨੀਆਰਤਾ ਵਿੱਚ ਦਰਜ ਨਹੀਂ ਕੀਤਾ ਗਿਆ।

ਇਹ ਕਰਮਚਾਰੀ ਅਪਰ ਸਕੂਲ ਕੋਰਸ ਪਾਸ ਨਹੀਂ ਹਨ ਅਤੇ ਰਿਟਾਇਰ ਹੋ ਚੁੱਕੇ ਹਨ। ਮਿਤੀ 20.02.2008 ਤੱਕ ਫਾਈਨਲ ਕੀਤੀ ਗਈ ਸਾਂਝੀ ਸੀਨੀਆਰਤਾ ਸੂਚੀ ਅਤੇ ਮਿਤੀ 20.02.2008 ਤੋਂ ਬਾਅਦ ਜਿਲ੍ਹਾ ਕੇਡਰ ਦੀ ਆਰਜੀ ਸੀਨੀਅਰਤਾ ਸੂਚੀ ਤਿਆਰ ਕਰਦੇ ਸਮੇਂ ਇਹ ਫੈਸਲਾ ਲਿਆ ਗਿਆ ਸੀ ਕਿ ਜਿਹੜੇ ਕਰਮਚਾਰੀਆਂ ਨੇ ਆਪਣੀ ਰਿਟਾਇਰਮੈਂਟ ਤੱਕ ਅਪਰ ਸਕੂਲ ਕੋਰਸ ਪਾਸ ਨਹੀਂ ਕੀਤਾ ਉਹਨਾਂ ਨੂੰ ਰਿਵਾਇਜ ਤਰੱਕੀ ਬਤੌਰ ਐਸ.ਆਈ ਨਹੀਂ ਦਿੱਤੀ ਜਾਵੇਗੀ। ਪ੍ਰਤਬੇਨਤੀਕਰਤਾਵਾਂ ਦੀਆਂ ਪ੍ਰਤੀਬੇਨਤੀਆਂ ਰੱਦ ਕੀਤੀਆਂ ਜਾਦੀਆਂ ਹਨ।

10. **ਇਤਰਾਜ ਵੱਲੋਂ ਐਸ.ਆਈ ਬਲਵੰਤ ਸਿੰਘ ਨੰ: 288/ਬਰਨਾਲਾ, ਐਸ.ਆਈ ਬਖਸ਼ੀਸ ਕੌਰ ਨੰ: 1680/ਫਿਰੋਜਪੁਰ, ਐਸ.ਆਈ ਇਕਬਾਲ ਸਿੰਘ ਨੰ: 439/ਬਠਿੰਡਾ, ਐਸ.ਆਈ ਦਵਿੰਦਰ ਪਾਲ ਸਿੰਘ ਨੰ: 173/ਫ:ਗ:ਸ, ਇੰਸਪੈਕਟਰ ਇੰਦਰਦੀਪ ਸਿੰਘ ਨੰ: 1436/ਪੀ.ਏ.ਪੀ** : ਕਰਮਚਾਰੀਆਂ ਵੱਲੋਂ ਲਿਖਿਆ ਗਿਆ ਹੈ ਕਿ ਇਸ ਦੰ ਤਰ ਦੇ ਪੱਤਰ ਮਿਤੀ 30.08.2018 ਰਾਹੀਂ ਜਿਲ੍ਹਾ ਪੁਲਿਸ ਕੇਡਰ ਦੇ 2358 ਐਸ.ਆਈਜ਼ ਜੀ ਜਾਰੀ ਸੀਨੀਆਰਤਾ ਲਿਸਟ ਵਿੱਚ ਉਹਨਾਂ ਦਾ ਨਾਮ ਦਰਜ ਨਹੀਂ ਹੈ। ਜਦੋਂਕਿ ਉਹਨਾਂ ਦਾ ਨਾਮ ਤਰੱਕੀ ਲਿਸਟ ਈ-2 ਤੇ ਦਰਜ ਹੈ ਅਤੇ ਉਹ ਬਤੌਰ ਰੈਗੂਲਰ ਐਸ.ਆਈ ਤਰੱਕੀਯਾਬ ਹਨ। ਉਹਨਾਂ ਬੇਨਤੀ ਕੀਤੀ ਹੈ ਕਿ ਉਹਨਾਂ ਦਾ ਨਾਮ ਉੱਕਤ ਮਿਤੀਆਂ ਤੋਂ ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਜਾਵੇ।

ਏ.ਐਸ.ਆਈ ਦੀ ਸੀਨੀਆਰਤਾ ਸੂਚੀ ਫਾਈਨਲ ਕਰਦੇ ਸਮੇਂ ਇਹਨਾਂ ਕਰਮਚਾਰੀਆਂ ਨੂੰ ਜੋ ਏ.ਐਸ.ਆਈ ਮਿਤੀ ਰਿਵਾਇਜ ਕੀਤੀ ਜਾਵੇਗੀ ਉਸ ਅਨੁਸਾਰ ਅਤੇ ਇਹਨਾਂ ਦੀ ਤਰੱਕੀ ਲਿਸਟ ਈ-2 ਅਨੁਸਾਰ ਇਹਨਾਂ ਕਰਮਚਾਰੀਆਂ ਦਾ ਨਾਮ ਐਸ.ਆਈ ਦੀ ਫਾਈਨਲ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਜਾਵੇਗਾ।

11. **ਇਤਰਾਜ ਵੱਲੋਂ ਇੰਸ: ਜਤਿੰਦਰ ਸਿੰਘ ਨੰ: 64/ਐਫ.ਡੀ.ਆਰ** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਜੋ ਇੰਸਪੈਕਟਰ ਦੀ ਸੀਨੀਆਰਤਾ ਲਿਸਟ ਵੈਬਸਾਈਟ ਤੇ ਪਾਈ ਗਈ ਹੈ ਵਿੱਚ ਉਸਦਾ ਸੀਨੀਆਰਤਾ ਨੰ: 3460 ਹੈ ਅਤੇ ਉਹ ਮਿਤੀ 28.12.1998 ਦਾ ਬਤੌਰ ਏ.ਐਸ.ਆਈ ਭਰਤੀ ਹੈ। ਉਸਦੇ ਨਾਲ ਦੀਆਂ ਭਰਤੀ ਹੋਈਆਂ ਲੇਡੀ ਏ.ਐਸ.ਆਈ ਨਿਰਦੋਸ਼ ਕੌਰ ਦੀ ਭਰਤੀ ਮਿਤੀ 12.01.1999 ਅਤੇ ਸੀਨੀਆਰਤਾ ਨੰ: 3004 ਹੈ ਅਤੇ ਜਸਕਰਨ ਕੌਰ ਦੀ ਭਰਤੀ ਮਿਤੀ 14.01.1999 ਅਤੇ ਸੀਨੀਆਰਤਾ ਨੰ: 3005 ਹੈ। ਇਹਨਾਂ ਦੋਨਾ ਦੀ ਜੁਆਇਨਿੰਗ ਮਿਤੀ ਦਰਖਾਸਤਕਰਤਾ ਤੋਂ ਬਾਅਦ ਦੀ ਹੈ ਪਰ ਸੀਨੀਆਰਤਾ ਵਿੱਚ ਉਸਤੋਂ ਸੀਨੀਅਰ ਦਰਸਾਈਆਂ ਗਈਆਂ ਹਨ। ਉਸਨੇ ਬਣਦੀ ਸੀਨੀਆਰਤਾ ਦੇਣ ਲਈ ਬੇਨਤੀ ਕੀਤੀ ਹੈ।

ਇਸ ਕਰਮਚਾਰੀ ਵੱਲੋਂ ਇਸ ਦਫਤਰ ਦੇ ਪੱਤਰ ਨੰ: 283-382/ਈ-1(3) ਮਿਤੀ 03.01.2018 ਰਾਹੀਂ ਮਿਤੀ 20.02.2008 ਤੱਕ ਐਸ.ਆਈਜ਼. ਦੀ ਫਾਈਨਲ ਕੀਤੀ ਜਾ ਚੁੱਕੀ ਸਾਂਝੀ ਸੀਨੀਆਰਤਾ ਸੂਚੀ ਸਬੰਧੀ ਇਤਰਾਜ ਦਿੱਤਾ ਹੈ ਜੋ ਕਿ ਇਸ ਸਮੇਂ ਵਿਚਾਰਿਆ ਜਾਣਾ ਨਹੀਂ ਬਣਦਾ। ਪ੍ਰੋ/ ਏ.ਐਸ.ਆਈ ਨਿਰਦੋਸ਼ ਕੌਰ ਅਤੇ ਪ੍ਰੋ/ਏ.ਐਸ.ਆਈ. ਜਸਕਰਨ ਕੌਰ ਜੋ ਕਿ ਮਿਤੀ 12.01.1999/14.01.1999 ਦੀਆਂ ਭਰਤੀ ਹਨ, ਨੂੰ ਮਿਤੀ 14.12.2005 ਤੋਂ ਲੇਡੀਜ਼ ਕੋਟੇ ਅਧੀਨ ਬਤੌਰ ਐਸ.ਆਈ ਰਿਵਾਇਜਡ ਮਿਤੀ ਦਿੱਤੀ ਗਈ ਹੈ। ਇਸ ਲਈ ਪ੍ਰਤੀਬੇਨਤੀਕਰਤਾ ਇਹਨਾਂ ਵਿਰੁੱਧ ਤਰੱਕੀ ਦੀ ਮੰਗ ਨਹੀਂ ਕਰ ਸਕਦਾ। ਕਰਮਚਾਰੀ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

12.**ਇਤਰਾਜ ਵੱਲੋਂ ਐਸ.ਆਈ. ਸੁਖਪਾਲ ਸਿੰਘ ਨੰ: 57/ਪਟਿਆਲਾ :** ਕਰਮਚਾਰੀ ਵੱਲੋਂ ਲਿਖਿਆ ਹੈ ਕਿ ਜਿਲ੍ਹਾ ਕੇਡਰ ਦੀ ਜਾਰੀ ਕੀਤੀ ਐਸ.ਆਈਜ਼ ਦੀ ਆਰਜੀ ਸੀਨੀਆਰਤਾ ਵਿੱਚ ਪੀ.ਏ.ਪੀ., ਆਈ.ਆਰ.ਬੀ, ਕਮਾਂਡੋ ਅਤੇ ਸਪੋਰਟਸਮੈਨ ਕਰਮਚਾਰੀਆਂ ਨੂੰ ਉਸ ਤੋਂ ਸੀਨੀਅਰ ਦਰਸਾਏ ਗਏ ਹਨ ਜਦੋਂਕਿ ਪੀ.ਏ.ਪੀ, ਆਈ.ਆਰ.ਬੀ, ਕਮਾਂਡੋ ਅਤੇ ਸਪੋਰਟਸਮੈਨ ਕਰਮਚਾਰੀਆਂ ਦਾ ਵੱਖਰਾ ਕੇਡਰ ਬਣਾਇਆ ਗਿਆ ਹੈ। ਇਸ ਲਈ ਇਹਨਾਂ ਨੂੰ ਇਹਨਾਂ ਦੇ ਵੱਖਰੇ ਕੇਡਰ ਵਿੱਚ ਸੁਮਾਰ ਕੀਤਾ ਜਾਵੇ ਅਤੇ ਇਸਨੂੰ ਫਾਈਨਲ ਸੀਨੀਆਰਤਾ ਵਿੱਚ ਸੁਮਾਰ ਕੀਤਾ ਜਾਵੇ।

ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਮਿਤੀ 20.02.2008 ਤੋਂ ਪਹਿਲਾਂ ਜਿਲ੍ਹਾ ਕੇਡਰ ਅਤੇ ਪੀ.ਏ.ਪੀ. ਨੂੰ ਇੱਕ ਮੰਨਦੇ ਹੋਏ ਸਾਂਝੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ ਅਤੇ ਮਿਤੀ 20.02.2008 ਤੋਂ ਪੰਜਾਬ ਪੁਲਿਸ ਐਕਟ 2007 ਹੋਂਦ ਵਿੱਚ ਆਉਣ ਉਪਰੰਤ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀ ਵੱਖਰੀ ਵੱਖਰੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ। ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਵੰਡ ਕਰਨ ਸਮੇਂ ਕਰਮਚਾਰੀਆਂ ਪਾਸੋਂ ਆਪਸਨਾਂ ਪ੍ਰਾਪਤ ਕੀਤੀਆਂ ਗਈਆਂ ਸਨ। ਆਪਸਨਾਂ ਅਨੁਸਾਰ ਹੀ ਕਰਮਚਾਰੀਆਂ ਦੀ ਜਿਲ੍ਹਾ ਅਤੇ ਆਰਮਡ ਕੇਡਰ ਦੀ ਵੰਡ ਕੀਤੀ ਗਈ ਹੈ, ਜਿਹਨਾਂ ਵਿੱਚ ਕੁੱਝ ਸਪੋਰਟਸ ਕਰਮਚਾਰੀਆਂ ਵੀ ਸਾਮਲ ਹਨ। ਕਰਮਚਾਰੀ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

13.**ਇਤਰਾਜ ਵੱਲੋਂ ਐਸ.ਆਈ/ਲੋਕਲ ਰੈਂਕ ਚਰਨਜੀਤ ਸਿੰਘ ਨੰ: 567/ਫਰੀਦਕੋਟ (ਜੀ.ਸੀ), ਏ.ਐਸ.ਆਈ ਸੁਰਿੰਦਰ ਸਿੰਘ ਨੰ: 343/ਅੰਮ੍ਰਿਤਸਰ (ਜੀ.ਸੀ), ਐਸ.ਆਈ. ਦਲਬੀਰ ਸਿੰਘ 456/ਅੰਮ੍ਰਿਤਸਰ (ਐਸ.ਸੀ), ਏ.ਐਸ.ਆਈ ਪ੍ਰਭਦਿਆਲ ਸਿੰਘ ਨੰ: 674/ਅੰਮ੍ਰਿਤਸਰ, ਏ.ਐਸ.ਆਈ ਇਕਬਾਲ ਸਿੰਘ ਨੰ: 1778/ਬਟਾਲਾ, ਐਸ.ਆਈ/ਐਲ.ਆਰ ਜਸਬੀਰ ਸਿੰਘ ਨੰ: 78/ਗੁਰਦਾਸਪੁਰ, ਏ.ਐਸ.ਆਈ ਦਵਿੰਦਰਪਾਲ ਸਿੰਘ ਨੰ: 74/ਗੁਰਦਾਸਪੁਰ, ਏ.ਐਸ.ਆਈ. ਜਸਬੀਰ ਸਿੰਘ ਨੰ: 297/ਗੁਰਦਾਸਪੁਰ, ਏ.ਐਸ.ਆਈ. ਭੁਪਿੰਦਰ ਸਿੰਘ ਨੰ: 1/ਐਸ.ਬੀ.ਐਸ ਨਗਰ :** ਕਰਮਚਾਰੀਆਂ ਨੇ ਲਿਖਿਆ ਹੈ ਕਿ ਉਹ ਮਿਤੀ 01.10.1990 ਤੋਂ ਲਿਸਟ ਸੀ-1 ਤੇ ਦਰਜ ਹੈ। ਏ.ਐਸ.ਆਈ ਅਜੈਬ ਸਿੰਘ ਨੰ: 1524/ਫਿਰੋਜਪੁਰ ਨੇ ਉਸਦੇ ਨਾਲ ਹੀ ਲੋਅਰ ਪਾਸ ਕੀਤੀ ਸੀ ਅਤੇ ਉਸਨੂੰ ਵੀ ਮਿਤੀ 01.10.1990 ਤੋਂ ਸੀ-1 ਮਿਲੀ ਹੈ। ਏ.ਐਸ.ਆਈ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਏ.ਐਸ.ਆਈ ਅਜੈਬ ਸਿੰਘ ਨੰ: 1524/ਫਿਰੋਜਪੁਰ ਦਾ ਨਾਮ ਲੜੀ ਨੰ: 282 ਤੇ ਦਰਜ ਹੈ ਅਤੇ ਪ੍ਰਤੀਬੇਨਤੀਕਰਤਾਵਾਂ ਦਾ ਨਾਮ ਲੜੀ ਨੰ: 282 ਤੋਂ ਬਾਅਦ ਦਰਜ ਹੈ। ਏ.ਐਸ.ਆਈ ਅਜੈਬ ਸਿੰਘ ਨੰ: 1524/ਫਿਰੋਜਪੁਰ ਨੂੰ ਮਿਤੀ 28.01.2015 ਤੋਂ ਐਸ.ਆਈ ਬਣਾਇਆ ਗਿਆ ਹੈ ਅਤੇ ਉਸਦਾ ਨਾਮ ਐਸ.ਆਈ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 1749 ਤੇ ਦਰਜ ਹੈ ਪ੍ਰੰਤੂ ਪ੍ਰਤੀਬੇਨਤੀਕਰਤਾਵਾਂ ਨੂੰ ਐਸ.ਆਈ ਤਰੱਕੀਯਾਬ ਨਹੀਂ ਕੀਤਾ ਗਿਆ ਹੈ। ਉਹਨਾਂ ਨੇ ਬੇਨਤੀ ਕੀਤੀ ਹੈ ਕਿ ਉਹਨਾਂ ਦਾ ਨਾਮ ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਪਾਇਆ ਜਾਵੇ।

ਏ.ਐਸ.ਆਈ ਦੀ ਸੀਨੀਆਰਤਾ ਸੂਚੀ ਦੇ ਸੀਨੀਆਰਤਾ ਨੰ: 282 ਤੱਕ ਦੇ ਜਨਰਲ ਕੈਟਾਗਰੀ ਦੇ ਅਤੇ 702 ਐਸ.ਸੀ ਕੈਟਾਗਰੀ ਦੇ ਕਰਮਚਾਰੀਆਂ ਨੂੰ ਐਸ.ਆਈ. ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਰਿਵਾਇਜ ਤਰੱਕੀ ਦਿੱਤੀ ਗਈ ਹੈ। ਜਦੋਂਕਿ ਪ੍ਰਤੀਬੇਨਤੀਕਰਤਾਵਾਂ ਦਾ ਨਾਮ ਏ.ਐਸ.ਆਈ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 315 (ਜੀ.ਸੀ), 310 (ਜੀ.ਸੀ), 402, 418 (ਜੀ.ਸੀ), 492, 750 (ਐਸ.ਸੀ), 898, 906, 980 (ਜੀ.ਸੀ) ਤੇ ਦਰਜ ਹੈ। ਇਹਨਾਂ ਕਰਮਚਾਰੀਆਂ ਨੂੰ ਇਹਨਾਂ ਦੀ ਸੀਨੀਆਰਤਾ ਮੁਤਾਬਿਕ ਐਸ.ਆਈ ਤਰੱਕੀਯਾਬ ਕੀਤਾ ਜਾਵੇਗਾ।

14.**ਇਤਰਾਜ ਵੱਲੋਂ ਐਸ.ਆਈ/ਲੋਕਲ ਰੈਂਕ ਜਸਬੀਰ ਸਿੰਘ ਨੰ: 209/ਫਿਰੋਜਪੁਰ :** ਕਰਮਚਾਰੀ ਵੱਲੋਂ ਲਿਖਿਆ ਹੈ ਕਿ ਐਸ.ਆਈ ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 1368, 1369, 1370, 1381, 1382, 1389, 1394 ਅਤੇ 1412 ਪਰ ਦਰਜ ਕਰਮਚਾਰੀਆਂ ਨੂੰ ਇਹਨਾਂ ਦੀ ਉਮਰ 58 ਸਾਲ ਤੋਂ ਉਪਰ ਹੋਣ ਤੋਂ ਬਾਅਦ ਗਲਤ ਤੌਰ ਤੇ ਐਸ.ਆਈ ਤਰੱਕੀ ਦੇਣੀ ਗਲਤ ਤਜਵੀਜ ਕੀਤੀ ਗਈ ਹੈ।

ਮਾਂਹ ਅਕਤੂਬਰ 2012 ਵਿੱਚ ਸਰਕਾਰ ਵੱਲੋਂ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ 58 ਸਾਲ ਦੀ ਉਮਰ ਤੋਂ ਬਾਅਦ 2 ਸਾਲ (1+1 ਸਾਲ) ਦਾ ਵਾਧਾ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਵਾਧੇ ਤੇ ਚੱਲ ਰਹੇ ਕਰਮਚਾਰੀ ਤਰੱਕੀ ਲਈ ਵੀ ਵਿਚਾਰੇ ਜਾਂਦੇ ਸਨ। ਮਿਤੀ 30.10.2015 ਸਰਕਾਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ 58 ਸਾਲ ਦੀ ਉਮਰ ਤੋਂ ਬਾਅਦ ਵਾਧੇ ਤੇ ਚੱਲ ਰਹੇ ਕਰਮਚਾਰੀਆਂ ਨੂੰ ਤਰੱਕੀ ਨਹੀਂ ਦਿੱਤੀ ਜਾਵੇਗੀ। ਇਸ ਲਈ ਮਿਤੀ 30.10.2015 ਤੱਕ ਵਾਧੇ ਤੇ ਚੱਲ ਰਹੇ ਕਰਮਚਾਰੀਆ ਨੂੰ ਰਿਵਾਇਜ ਤਰੱਕੀ ਮਿਤੀਆਂ ਦਿੱਤੀਆਂ ਗਈਆਂ, ਜਿਹਨਾਂ ਵਿੱਚ ਪ੍ਰਤੀਬੇਨਤੀਕਰਤਾ ਵੱਲੋਂ ਦਰਸਾਏ ਕਰਮਚਾਰੀ ਵੀ ਸਾਮਲ ਹਨ। ਕਰਮਚਾਰੀ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

15.**ਇਤਰਾਜ ਵੱਲੋਂ ਐਸ.ਆਈ. ਗੁਰਪ੍ਰੀਤ ਸਿੰਘ ਨੰ: 272/ਪੀ.ਏ.ਪੀ, ਐਸ.ਆਈ. ਬਿਕਰਮ ਸਿੰਘ ਨੰ: 2362/ਪੀ.ਏ.ਪੀ (1437/ਪੀ.ਏ.ਪੀ), ਐਸ.ਆਈ. ਗੁਰਦੀਪ ਸਿੰਘ ਨੰ: 277/ਪੀ.ਏ.ਪੀ, ਐਸ.ਆਈ ਰਾਮ ਸਿੰਘ ਨੰ: 698/ਪੀ.ਏ.ਪੀ, ਐਸ.ਆਈ. ਸਤਨਾਮ ਸਿੰਘ ਨੰ: 2/ਪੀ.ਏ.ਪੀ :** ਕਰਮਚਾਰੀਆਂ ਵੱਲੋਂ ਲਿਖਿਆ ਹੈ ਕਿ ਏ.ਐਸ.ਆਈ ਦੀ ਜਿਲ੍ਹਾ ਪੁਲਿਸ ਕੇਡਰ ਦੀ ਜਾਰੀ ਕੀਤੀ ਆਰਜੀ ਸੀਨੀਆਰਤਾ ਸੂਚੀ ਵਿੱਚ ਉਹਨਾਂ ਨੂੰ ਸਾਲ-2011 ਤੋਂ ਰਿਵਾਇਜ ਤਰੱਕੀ ਪ੍ਰਪੋਜ ਕੀਤੀ ਗਈ ਹੈ, ਪ੍ਰੰਤੂ ਉਹਨਾਂ ਦਾ ਨਾਮ ਜਿਲ੍ਹਾ ਕੇਡਰ ਵਿੱਚ ਐਸ.ਆਈ. ਤਰੱਕੀ ਲਈ ਨਹੀਂ ਆਉਂਦਾ। ਉਹਨਾਂ ਨੇ ਪੀ.ਏ.ਪੀ ਵਿੱਚ ਅਪਰ ਸਕੂਲ ਕੋਰਸ ਪਾਸ ਕੀਤਾ ਹੋਇਆ ਹੈ ਅਤੇ ਉਹ

ਸਾਲ-2016 ਤੋਂ ਬਤੌਰ ਐਸ.ਆਈ ਤਰੱਕੀਯਾਬ ਹਨ। ਉਹਨਾਂ ਨੇ ਬੇਨਤੀ ਕੀਤੀ ਹੈ ਕਿ ਉਹਨਾਂ ਦਾ ਐਸ.ਆਈ. ਰੈਂਕ ਪ੍ਰੋਟੈਕਟ ਕੀਤਾ ਜਾਵੇ।

ਇਹ ਕਰਮਚਾਰੀ ਪੀ.ਏ.ਪੀ ਵਿੱਚ ਸਾਲ-2016 ਵਿੱਚ ਬਤੌਰ ਐਸ.ਆਈ ਤਰੱਕੀਯਾਬ ਹੋਏ ਸਨ। ਹੁਣ ਵੰਡ ਸਮੇਂ ਇਹਨਾਂ ਇਹਨਾਂ ਦੀ ਆਪਸਨ ਅਨੁਸਾਰ ਮੁੱਖ ਸਿਪਾਹੀ ਰੈਂਕ ਵਿੱਚ ਜਿਲ੍ਹਾ ਪੁਲਿਸ ਕੇਡਰ ਦੀ ਸੀਨੀਆਰਤਾ ਵਿੱਚ ਦਰਜ ਕਰਕੇ ਏ.ਐਸ.ਆਈ ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਰਿਵਾਇਜ ਮਿਤੀ 2011 ਤੋਂ ਦਿੱਤੀ ਗਈ ਹੈ। ਏ.ਐਸ.ਆਈ ਦੀ ਰਿਵਾਇਜ ਸੀਨੀਆਰਤਾ ਅਨੁਸਾਰ ਸਾਲ-2009 ਤੱਕ ਦੇ ਏ.ਐਸ.ਆਈਜ ਨੂੰ ਐਸ.ਆਈ ਰੈਂਕ ਦੀ ਰਿਵਾਇਜ ਮਿਤੀ ਪ੍ਰੋਪਜ ਕੀਤੀ ਗਈ ਹੈ। ਪ੍ਰਤੀਬੇਨਤੀਕਰਤਾ ਜਿਲ੍ਹਾ ਪੁਲਿਸ ਕੇਡਰ ਵਿੱਚ ਅਜੇ ਤੱਕ ਐਸ.ਆਈ ਤਰੱਕੀਯਾਬ ਨਹੀਂ ਹੁੰਦੇ। ਇਹਨਾਂ ਕਰਮਚਾਰੀਆਂ ਦੇ ਕਲੇਮ ਸਬੰਧੀ ਫੈਸਲਾ ਵਿਚਾਰ ਅਧੀਨ ਹੈ।

16. **ਇਤਰਾਜ ਵੱਲੋਂ ਇੰਸ:/ਲੋਕਲ ਰੈਂਕ ਰਜਿੰਦਰ ਸਿੰਘ ਨੰ: 1982/ਜਲੰਧਰ** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਉਹ ਮਿਤੀ 30.04.2018 ਨੂੰ ਰਿਟਾਇਰ ਹੋ ਚੁੱਕਾ ਹੈ। ਉਸਨੇ ਆਰਮਡ ਕੇਡਰ ਦੀ ਆਪਸਨ ਦਿੱਤੀ ਸੀ, ਪ੍ਰੰਤੂ ਜਿਲ੍ਹਾ ਅਤੇ ਆਰਮਡ ਕੇਡਰ ਦੀ ਮਿਤੀ 20.02.2008 ਤੋਂ ਬਾਅਦ ਜਾਰੀ ਕੀਤੀ ਗਈ ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਉਸਦਾ ਨਾਮ ਦਰਜ ਨਹੀਂ ਹੈ।

ਇਸ ਕਰਮਚਾਰੀ ਦਾ ਨਾਮ ਏ.ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 5616 ਤੇ ਦਰਜ ਹੈ। ਇਸ ਕਰਮਚਾਰੀ ਵੱਲੋਂ ਦਿੱਤੀ ਆਪਸਨ ਅਨੁਸਾਰ ਇਸਨੂੰ ਏ.ਐਸ.ਆਈ ਰੈਂਕ ਵਿੱਚ ਆਰਮਡ ਕੇਡਰ ਅਲਾਟ ਕੀਤਾ ਗਿਆ ਹੈ। ਆਰਮਡ ਕੇਡਰ ਵੱਲੋ ਜਾਰੀ ਐਸ.ਆਈ. ਰੈਂਕ ਦੀ ਆਰਜੀ ਸੀਨੀਆਰਤਾ ਵਿੱਚ ਇਸਦਾ ਨਾਮ ਲੜੀ ਨੰ: 193 ਤੇ ਦਰਜ ਹੈ ਅਤੇ ਇਸਨੂੰ ਐਸ.ਆਈ ਰੈਂਕ ਦੀ ਮਿਤੀ 30.06.2010 ਪ੍ਰੋਪਜ ਕੀਤਾ ਗਿਆ ਹੈ।

17. **ਇਤਰਾਜ ਵੱਲੋਂ ਇੰਸ: ਨਵਲ ਕਿਸ਼ੋਰ ਨੰ: 47/ਐਫ.ਡੀ.ਆਰ** : ਆਈ.ਜੀ.ਪੀ/ਬਾਰਡਰ ਰੇਂਜ ਨੇ ਪੱਤਰ ਮਿਤੀ 20.09.2018 ਰਾਹੀਂ ਸੂਚਿਤ ਕੀਤਾ ਹੈ ਕਿ ਇੰਸਪੈਕਟਰ ਨਵਲ ਕਿਸ਼ੋਰ ਨੰ: 47/ਐਫ.ਡੀ.ਆਰ ਨੇ ਇਤਰਾਜ ਦਿੱਤਾ ਹੈ ਕਿ ਉਸਦਾ ਨਾਮ ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰ: 2064 ਪਰ ਦਰਜ ਹੈ ਅਤੇ ਉਸਨੂੰ ਆਰਮਡ ਕੇਡਰ ਵਿੱਚ ਸਾਮਿਲ ਕੀਤਾ ਗਿਆ ਹੈ, ਜਦੋਂਕਿ ਉਸ ਵੱਲੋਂ ਇਸ ਸਬੰਧੀ ਕੋਈ ਵੀ ਲਿਖਤੀ ਦਰਖਾਸਤ ਪੇਸ਼ ਨਹੀਂ ਕੀਤੀ ਸੀ। ਉਸਨੇ ਬੇਨਤੀ ਕੀਤੀ ਹੈ ਕਿ ਉਸਦਾ ਨਾਮ ਜਿਲ੍ਹਾ ਕੇਡਰ ਦੀ ਸੀਨੀਆਰਤਾ ਵਿੱਚ ਸਾਮਲ ਕੀਤਾ ਜਾਵੇ।

ਇਹ ਕਰਮਚਾਰੀ ਸਾਲ-1991 ਬੈਚ ਦਾ ਪ੍ਰੋ/ਏ.ਐਸ.ਆਈ ਭਰਤੀ ਹੈ। ਇਸ ਕਰਮਚਾਰੀ ਵੱਲੋਂ ਕਿਸੇ ਵੀ ਕੇਡਰ ਦੀ ਆਪਸ਼ਨ ਨਹੀਂ ਦਿੱਤੀ ਗਈ ਸੀ। ਵੰਡ ਕਰਦੇ ਸਮੇਂ ਇਸਨੂੰ ਪ੍ਰਬੰਧਕੀ ਅਧਾਰ ਤੇ ਆਰਮਡ ਕੇਡਰ ਦੀ ਸੀਨੀਆਰਤਾ ਦਿੱਤੀ ਗਈ ਹੈ। ਕਰਮਚਾਰੀ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

18. **ਇਤਰਾਜ ਵੱਲੋਂ ਇੰਸ: ਜੋਗਾ ਸਿੰਘ ਨੰ: 895/ਪੀ.ਏ.ਪੀ.** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਹੁਕਮ ਮਿਤੀ 06.09.2018 ਦੇ ਅਨੁਸਾਰ ਉਸਨੂੰ ਜਿਲ੍ਹਾ ਪੁਲਿਸ ਕੇਡਰ ਵਿੱਚ ਐਸ.ਆਈ. ਸੀਨੀਆਰਤਾ ਨੰ: 727 ਪਰ ਦਰਜ ਕੀਤਾ ਗਿਆ ਹੈ। ਇਹ ਸੀਨੀਆਰਤਾ ਉਸਨੂੰ ਪ੍ਰਵਾਨ ਨਹੀਂ ਹੈ ਕਿਉਂਕਿ ਪਹਿਲਾਂ ਉਸਨੂੰ ਮਿਤੀ 23.08.2013 ਤੋਂ ਲਿਸਟ-ਐਫ ਵਿੱਚ ਦਰਜ ਕੀਤਾ ਗਿਆ ਸੀ ਅਤੇ ਨਵੰਬਰ-2013 ਤੋਂ ਇੰਸਪੈਕਟਰ ਰੈਂਕ ਪਰ ਤਰੱਕੀਯਾਬ ਕੀਤਾ ਗਿਆ ਸੀ ਅਤੇ ਫਿਰ ਰਿਵਾਇਜਡ ਸੀਨੀਆਰਤਾ ਮੁਤਾਬਿਕ ਉਸਨੂੰ ਮਿਤੀ 03.11.2015 ਤੋਂ ਬਤੌਰ ਇੰਸਪੈਕਟਰ ਤਰੱਕੀਯਾਬ ਕੀਤਾ ਗਿਆ ਸੀ। ਪ੍ਰੰਤੂ ਹੁਣ ਜਿਲ੍ਹਾ ਪੁਲਿਸ ਕੇਡਰ ਵਿੱਚ ਐਸ.ਆਈ ਰੈਂਕ ਦੀ ਸੀਨੀਆਰਤਾ ਦਿੱਤੀ ਗਈ ਹੈ, ਜੋ ਉਸਨੂੰ ਪ੍ਰਵਾਨ ਨਹੀਂ ਹੈ। ਉਸਨੇ ਬੇਨਤੀ ਕੀਤੀ ਹੈ ਕਿ ਉਸਨੂੰ ਇੰਸਪੈਕਟਰ ਦੀ ਸੀਨੀਆਰਤਾ ਦਿੱਤੀ ਜਾਵੇ।

ਇਸ ਕਰਮਚਾਰੀ ਨੂੰ ਏ.ਐਸ.ਆਈ ਰੈਂਕ ਦੀ ਵੰਡ ਕਰਦੇ ਸਮੇਂ ਪ੍ਰਬੰਧਕੀ ਅਧਾਰ ਤੇ ਜਿਲ੍ਹਾ ਪੁਲਿਸ ਕੇਡਰ ਵਿੱਚ ਸਾਮਲ ਕੀਤਾ ਗਿਆ ਹੈ। ਇਸ ਕਰਮਚਾਰੀ ਨੂੰ ਏ.ਐਸ.ਆਈ ਦੀ ਰਿਵਾਇਜਡ ਮਿਤੀ 14.12.2005 (ਬਜਾਏ 30.07.1997) ਦਿੱਤੀ ਗਈ ਹੈ ਜਿਸ ਦੇ ਅਧਾਰ ਤੇ ਇਸਨੂੰ ਜਿਲ੍ਹਾ ਕੇਡਰ ਵਿੱਚ ਰਿਵਾਇਜਡ ਤਰੱਕੀ ਬਤੌਰ ਐਸ.ਆਈ. ਮਿਤੀ 11.05.2011 (ਬਜਾਏ 31.10.2001) ਪ੍ਰੋਪਜ ਕੀਤੀ ਗਈ ਹੈ। ਪੁਰਾਣੀ ਸੀਨੀਆਰਤਾ ਅਨੁਸਾਰ ਆਰਮਡ ਕੇਡਰ ਵਿੱਚ ਇਹ ਕਰਮਚਾਰੀ ਮਿਤੀ 03.11.2015 ਤੋਂ ਇੰਸਪੈਕਟਰ ਤਰੱਕੀਯਾਬ ਸੀ, ਪ੍ਰੰਤੂ ਜਿਲ੍ਹਾ ਪੁਲਿਸ ਕੇਡਰ ਵਿੱਚ ਇਹ ਅਜੇ ਤੱਕ ਇੰਸਪੈਕਟਰ ਤਰੱਕੀਯਾਬ ਨਹੀਂ ਹੁੰਦਾ। ਕਰਮਚਾਰੀ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

19. **ਇਤਰਾਜ ਵੱਲੋਂ ਏ.ਐਸ.ਆਈ. ਸੁਖਵਿੰਦਰ ਸਿੰਘ ਨੰ: 652/ਜਲੰਧਰ, ਏ.ਐਸ.ਆਈ ਸੁਰਿੰਦਰ ਕੁਮਾਰ ਨੰ: 2059/ਜਲੰਧਰ, ਏ.ਐਸ.ਆਈ ਕਸ਼ਮੀਰ ਸਿੰਘ ਨੰ: 1165/ਜਲੰਧਰ, ਏ.ਐਸ.ਆਈ ਰਣਜੀਤ ਸਿੰਘ ਨੰ: 374/ਗੁਰਦਾਸਪੁਰ, ਐਸ.ਆਈ. ਚੰਨਣ ਸਿੰਘ ਨੰ: 470/ਅੰਮ੍ਰਿਤਸਰ ਦਿਹਾਤੀ** : ਕਰਮਚਾਰੀਆਂ ਵੱਲੋਂ ਲਿਖਿਆ ਹੈ ਕਿ ਨਵੀਂ ਜਾਰੀ ਕੀਤੀ ਸੀਨੀਆਰਤਾ ਸੂਚੀ ਵਿੱਚ ਉਹਨਾਂ ਨੂੰ ਮਿਤੀ 20.07.2009 ਤੋਂ ਏ.ਐਸ.ਆਈ ਅਤੇ 10.06.2013 ਤੋਂ ਐਸ.ਆਈ. ਪ੍ਰੋਪਜ ਕੀਤੀ ਗਈ ਹੈ। ਐਸ.ਆਈ. ਰੈਂਕ ਦੀ ਜਿਲ੍ਹਾ ਕੇਡਰ ਦੀ ਸੀਨੀਆਰਤਾ ਸੂਚੀ ਵਿੱਚ ਉਸਦੇ ਬੈਚ ਦੇ ਸੀ-1 ਲਿਸਟ ਵਿੱਚ ਦਰਜ ਕਰਮਚਾਰੀਆਂ ਨੂੰ ਲੜੀ ਨੰ: 1150 ਤੋਂ ਐਸ.ਆਈ. ਵਿੱਚ ਮਿਤੀ 08.07.2011 ਪ੍ਰੋਪਜ ਕੀਤੀ ਗਈ ਹੈ। ਇਸੇ ਤਰ੍ਹਾਂ ਲੜੀ ਨੰ: 1241 ਤੋਂ 1261 ਤੱਕ ਸੀਨੀਆਰਤਾ ਲਿਸਟ ਵਿੱਚ ਕਰਮਚਾਰੀਆਂ ਦੀ ਲਿਸਟ-ਸੀ ਸਾਲ 1991-92 ਹੈ, ਪ੍ਰੰਤੂ ਇਹਨਾਂ ਕਰਮਚਾਰੀਆਂ ਨੂੰ ਲਿਸਟ-ਡੀ ਵਿੱਚ ਉਸਤੋਂ ਅੱਗੇ ਦਰਜ ਕੀਤਾ ਗਿਆ ਹੈ ਅਤੇ ਲੜੀ

ਨੰ: 1264 ਤੋਂ 1290 ਤੱਕ ਸੀਨੀਆਰਤਾ ਲਿਸਟ ਵਿੱਚ ਦਰਜ ਮਹਿਲਾ ਕਰਮਚਾਰੀਆਂ ਦੀ ਲਿਸਟ-ਸੀ ਸਾਲ-2002 ਦੀ ਹੈ, ਪ੍ਰੰਤੂ ਲਿਸਟ-ਡੀ ਵਿੱਚ ਇਹਨਾਂ ਕਰਮਚਾਰਨਾਂ ਨੂੰ ਉਸਤੋਂ ਪਹਿਲਾਂ ਦਰਜ ਕੀਤਾ ਗਿਆ ਹੈ ਜਦੋਂ ਕਿ ਮਹਿਕਮਾ ਪੁਲਿਸ ਵਿੱਚ ਕੋਈ ਵੀ ਅਲੱਗ ਵੂਮੇਨ ਕੇਡਰ ਨਹੀਂ ਹੈ। ਲੜੀ ਨੰ: 1292 ਤੋਂ 1325 ਤੱਕ ਦਰਜ ਕਰਮਚਾਰੀਆਂ ਦੀ ਲਿਸਟ-ਸੀ ਸਾਲ- 1986-87-88 ਆਦਿ ਦੀ ਹੈ, ਪ੍ਰੰਤੂ ਇਹਨਾਂ ਕਰਮਚਾਰੀਆਂ ਨੂੰ ਉਹਨਾਂ ਦੀ ਲਿਸਟ-ਸੀ ਦੀ ਮੈਰਿਟ ਤੋੜ ਕੇ ਉਹਨਾਂ ਦੇ ਸੈਂਟਰ ਵਿੱਚ ਲਗਾਇਆ ਗਿਆ ਹੈ ਜਦਕਿ ਉਹਨਾਂ ਦੀ ਸੀਨੀਆਰਤਾ ਉਸਦੇ ਬੈਚ ਤੋਂ ਪਹਿਲਾਂ ਦੀ ਬਣਦੀ ਹੈ। ਇਹਨਾਂ ਕਰਮਚਾਰੀਆਂ ਕਰਕੇ ਉਹ ਆਪਣੇ ਲਿਸਟ ਸੀ-1 ਦੇ ਬੈਚ ਤੋਂ 2 ਸਾਲ ਪਿੱਛੇ ਚਲਾ ਗਿਆ ਹੈ। ਉਸਨੇ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਲਿਸਟ ਸੀ-1 ਦੇ ਬੈਚ ਬਰਾਬਰ ਹੱਕ ਦਿੱਤਾ ਜਾਵੇ।

ਕਰਮਚਾਰੀ ਵੱਲੋਂ ਜਿਹਨਾਂ ਕਰਮਚਾਰੀਆਂ ਸਬੰਧੀ ਇਤਰਾਜ ਦਿੱਤਾ ਗਿਆ ਹੈ, ਉਹਨਾਂ ਨੂੰ ਲੇਡੀਜ ਕੋਟੇ ਅਧੀਨ ਤਰੱਕੀ ਦਿੱਤੀ ਗਈ ਹੈ ਅਤੇ ਤਰੱਕੀ ਲਿਸਟ ਈ-2/ਵਾਰੀ ਤੋਂ ਪਹਿਲਾਂ ਤਰੱਕੀਯਾਬ ਕਰਮਚਾਰੀਆਂ ਦੀ ਉਹੀ ਤਰੱਕੀ ਮਿਤੀ ਰੱਖੀ ਗਈ ਹੈ। ਕਰਮਚਾਰੀਆਂ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

**20. ਇਤਰਾਜ ਵੱਲੋਂ ਲੋਕਲ ਰੈਂਕ/ਐਸ.ਆਈ ਬਲਵਿੰਦਰ ਸਿੰਘ 309/ਫਿਰੋ:, ਏ.ਐਸ.ਆਈ ਜਸਵੰਤ ਸਿੰਘ ਨੰ: 1261/ਫਿਰੋਜਪੁਰ, ਏ.ਐਸ.ਆਈ ਸੁਰਜੀਤ ਸਿੰਘ ਨੰ: 440/ਫਿਰੋਜਪੁਰ, ਏ.ਐਸ.ਆਈ ਗੁਰਜੀਤ ਸਿੰਘ ਨੰ: 873/ਫਿਰੋਜਪੁਰ, ਏ.ਐਸ.ਆਈ ਜਸਵੰਤ ਸਿੰਘ ਨੰ: 1855/ਫਿਰੋਜਪੁਰ, ਏ.ਐਸ.ਆਈ ਬਲਕਾਰ ਸਿੰਘ ਨੰ: 1846/ਬਟਾਲਾ, ਏ.ਐਸ.ਆਈ ਦਰਸ਼ਨ ਸਿੰਘ ਨੰ: 2058/ਬਟਾਲਾ, ਏ.ਐਸ.ਆਈ ਜਰਨੈਲ ਸਿੰਘ ਨੰ: 2155/ਬਟਾਲਾ, ਏ.ਐਸ.ਆਈ ਜਗੀਰ ਸਿੰਘ ਨੰ: 2256/ਅੰਮ੍ਰਿਤਸਰ, ਏ.ਐਸ.ਆਈ ਹਰਜੀਤ ਸਿੰਘ ਨੰ: 1591/ਬਟਾਲਾ, ਏ.ਐਸ.ਆਈ ਸਰਬਜੀਤ ਸਿੰਘ ਨੰ: 47/ਅੰਮ੍ਰਿਤਸਰ, ਏ.ਐਸ.ਆਈ ਬਲਬੀਰ ਸਿੰਘ ਨੰ: 415/ਅੰਮ੍ਰਿਤਸਰ, ਏ.ਐਸ.ਆਈ ਕੁਲਵੰਤ ਸਿੰਘ ਨੰ: 1716/ਅੰਮ੍ਰਿਤਸਰ :**

ੳ) ਦਰਖਾਸਤਕਰਤਾ ਨੇ ਬੇਨਤੀ ਕੀਤੀ ਹੈ ਕਿ ਜਿਵੇਂ ਮੁੱਖ ਸਿਪਾਹੀਆਂ ਦੀ ਸੀਨੀਆਰਤਾ ਸੂਚੀ ਵਿੱਚ ਸੀ-1 ਅਤੇ ਸੀ-2 ਦੀਆਂ ਮਿਤੀਆਂ ਨੂੰ ਦਿਖਾਇਆ ਗਿਆ ਹੈ, ਇਸੇ ਤਰ੍ਹਾਂ ਲਿਸਟ ਡੀ ਦੀ ਬਜਾਏ ਈ-1 ਅਤੇ ਈ-2 ਦੀਆਂ ਮਿਤੀਆਂ ਦਰਸਾਈਆਂ ਜਾਣ ਤਾਂ ਜੋ ਕਿਸੇ ਕਿਸਮ ਦੀ ਵਿਤਕਰੇਬਾਜੀ ਨਾ ਰਹੇ। ਇਸ ਤੋਂ ਇਲਾਵਾ ਇਹ ਵੀ ਸੱਪਸ਼ਟ ਕੀਤਾ ਜਾਵੇ ਕਿ ਕਰਮਚਾਰੀ ਨੂੰ ਇੰਟਰਮੀਡਿਏਟ ਸਕੂਲ ਕੋਰਸ ਤੋਂ ਮਾਅਫੀ ਜਾਂ ਸੀਨੀਆਰਤਾ ਅਨੁਸਾਰ ਤਰੱਕੀ ਜਾਂ ਆਪਣੀ ਵਾਰੀ ਤੋਂ ਬਿਨ੍ਹਾਂ ਤਰੱਕੀ ਮਿਲੀ ਹੈ।

ਏ.ਐਸ.ਆਈ. ਦੀ ਸੀਨੀਆਰਤਾ ਸੂਚੀ ਵਿੱਚ ਕਰਮਚਾਰੀਆਂ ਦੀ ਲਿਸਟ ਡੀ-1 ਅਤੇ ਡੀ-2 ਦਰਸਾਈ ਗਈ ਹੈ ਅਤੇ ਐਸ.ਆਈ. ਰੈਂਕ ਸੀਨੀਆਰਤਾ ਸੂਚੀ ਵਿੱਚ ਕਰਮਚਾਰੀਆਂ ਦੀ ਲਿਸਟ ਈ-1 ਅਤੇ ਈ-2 ਦਰਸਾਈ ਗਈ ਹੈ।

ਅ) ਸਾਲ 2008 ਤੋਂ ਪਹਿਲਾਂ ਵਿਭਾਗੀ ਤੌਰ ਤੇ ਤਰੱਕੀ ਦੀਆਂ ਲਿਸਟਾਂ ਜਿਲ੍ਹਾ ਪੁਲਿਸ ਅਤੇ ਆਰਮਡ ਪੁਲਿਸ ਦੀਆਂ ਸਾਂਝੀਆਂ ਸਨ ਤਾਂ ਆਰਮਡ ਅਤੇ ਜਿਲ੍ਹਾ ਪੁਲਿਸ ਦੇ ਕਰਮਚਾਰੀਆਂ ਵਿੱਚ ਇੱਕ ਹੀ ਸਾਲ (ਭਾਵ ਇਕਠਿਆਂ ਕੋਰਸ ਕਰਨ) ਉਪਰੰਤ ਵਖਰੇਵਾ ਕਿਉਂ ਹੈ।

ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਮਿਤੀ 20.02.2008 ਤੋਂ ਪਹਿਲਾਂ ਜਿਲ੍ਹਾ ਕੇਡਰ ਅਤੇ ਪੀ.ਏ.ਪੀ. ਨੂੰ ਇੱਕ ਮੰਨਦੇ ਹੋਏ ਸਾਂਝੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ ਅਤੇ ਮਿਤੀ 20.02.2008 ਤੋਂ ਪੰਜਾਬ ਪੁਲਿਸ ਐਕਟ 2007 ਹੋਂਦ ਵਿੱਚ ਆਉਣ ਉਪਰੰਤ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀ ਵੱਖਰੀ ਵੱਖਰੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ।

ੲ) ਜੇਕਰ ਵਿਭਾਗ ਸੀ-1 ਅਤੇ ਸੀ-2 ਦੀ ਮੈਰਿਟ ਨੂੰ ਅਧਾਰ ਮੰਨ ਰਿਹਾ ਹੈ ਤਾਂ ਇਹਨਾਂ ਲਿਸਟਾਂ ਦੇ ਅਧਾਰ ਤੇ ਹੌਲਦਾਰ ਰੈਂਕ ਦੀ ਤਰੱਕੀ ਲਿਸਟ ਤੋ ਬਾਅਦ ਏ.ਐਸ.ਆਈ ਅਤੇ ਐਸ.ਆਈ ਦੀਆਂ ਤਰੱਕੀਆਂ ਵਿੱਚ ਐਨਾ ਅੰਤਰ ਕਿਸ ਤਰ੍ਹਾਂ ਹੋ ਗਿਆ।

ਹੌਲਦਾਰ ਤੋਂ ਬਾਅਦ ਏ.ਐਸ.ਆਈ. ਅਤੇ ਏ.ਐਸ.ਆਈ . ਤੋਂ ਐਸ.ਆਈ. ਰੈਂਕ ਦੀ ਤਰੱਕੀ ਕਰਮਚਰੀਆਂ ਦੀ ਸਰਵਿਸ ਰਿਕਾਰਡ ਅਤੇ ਖਾਲੀ ਅਸਾਮੀਆਂ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਜਾਦੀਆਂ ਹਨ। ਏ.ਐਸ.ਆਈ./ਐਸ.ਆਈ. ਰੈਂਕ ਵਿੱਚ ਸਿੱਧੀ ਭਰਤੀ ਰਾਹੀਂ ਵੀ ਅਸਾਮੀਆਂ ਭਰੀਆਂ ਗਈਆਂ ਹਨ। ਇਸਤੋਂ ਇਲਾਵਾ ਜਿਹਨਾਂ ਕਰਮਚਾਰੀਆਂ ਨੂੰ ਵਾਰੀ ਤੋਂ ਪਹਿਲਾਂ ਅਤੇ ਕੁੱਝ ਨੂੰ ਵੂਮੇਨ ਕੋਟਾਂ ਅਤੇ ਸਪੋਰਟਸ ਕੋਟਾ ਵਿੱਚ ਵੀ ਤਰੱਕੀਯਾਬ ਕੀਤਾ ਗਿਆ ਹੈ ਅਤੇ ਇਹਨਾਂ ਦਾ ਨਾਮ ਏ.ਐਸ.ਆਈ. ਅਤੇ ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਗਿਆ ਹੈ। ਇਸ ਤਰ੍ਹਾ ਮੁੱਖ ਸਿਪਾਹੀਆਂ ਦੀ ਸੀਨੀਆਰਤ ਤੋਂ ਅੱਗੇ ਏ.ਐਸ.ਆਈ. ਅਤੇ ਐਸ.ਆਈ. ਰੈਂਕ ਵਿੱਚ ਤਰੱਕੀ ਵਿੱਚ ਅੰਤਰ ਆ ਜਾਂਦਾ ਹੈ।

ਸ) ਇਹਨਾਂ ਤਰੱਕੀ ਲਿਸਟਾਂ ਸਬੰਧੀ 59-60 ਸਾਲ ਵਾਧੇ ਵਾਲੇ ਕਰਮਚਾਰੀਆਂ ਲਈ ਕੀ-ਕੀ ਰੂਲ ਲਾਗੂ ਕੀਤੇ ਗਏ ਹਨ।

ਮਾਂਹ ਅਕਤੂਬਰ 2012 ਵਿੱਚ ਸਰਕਾਰ ਵੱਲੋਂ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ 58 ਸਾਲ ਦੀ ਉਮਰ ਤੋਂ ਬਾਅਦ 2 ਸਾਲ (1+1 ਸਾਲ) ਦਾ ਵਾਧਾ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਵਾਧੇ ਤੇ ਚੱਲ ਰਹੇ ਕਰਮਚਾਰੀ ਤਰੱਕੀ ਲਈ ਵੀ ਵਿਚਾਰੇ ਜਾਂਦੇ ਸਨ। ਮਿਤੀ 30.10.2015 ਸਰਕਾਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ 58 ਸਾਲ ਦੀ ਉਮਰ ਤੋਂ ਬਾਅਦ ਵਾਧੇ ਤੇ ਚੱਲ ਰਹੇ ਕਰਮਚਾਰੀਆਂ ਨੂੰ ਤਰੱਕੀ ਨਹੀਂ ਦਿੱਤੀ ਜਾਵੇਗੀ। ਇਸ ਲਈ ਮਿਤੀ 30.10.2015 ਤੱਕ ਵਾਧੇ ਤੇ ਚੱਲ ਰਹੇ ਕਰਮਚਾਰੀਆ ਨੂੰ ਰਿਵਾਇਜ ਤਰੱਕੀ ਮਿਤੀਆਂ ਦਿੱਤੀਆਂ ਗਈਆਂ ਹਨ।

ਹ) ਇਹਨਾਂ ਲਿਸਟਾ ਵਿੱਚ ਰਿਟਾਇਰਡ, ਮੌਤ, ਅਸਤੀਫਾ ਅਤੇ 58 ਸਾਲ ਤੋਂ ਬਾਅਦ ਵਾਧੇ ਵਾਲੇ ਸਮੇਂ ਦੇ ਕਰਮਚਾਰੀਆਂ ਨੂੰ ਸ਼ੁਮਾਰ ਨਾ ਕੀਤਾ ਜਾਵੇ।

ਜਿਹੜੇ ਕਰਮਚਾਰੀ ਐਸ.ਆਈ. ਰੈਂਕ ਦੀ ਰਿਵਾਇਜਡ ਮਿਤੀ ਦਿੱਤੇ ਜਾਣ ਸਮੇਂ ਸਰਵਿਸ ਵਿੱਚ ਸਨ ਅਤੇ ਅਪਰ ਸਕੂਲ ਕੋਰਸ ਪਾਸ ਕੀਤਾ ਹੋਇਆ ਸੀ, ਨੂੰ ਰਿਵਾਇਜਡ ਐਸ.ਆਈ. ਤਰੱਕੀ ਮਿਤੀ ਦਿੱਤੀ ਗਈ ਹੈ। ਭਾਵੇਂ ਉਹ ਹੁਣ ਰਿਟਾਇਰਡ ਹੋ ਚੁੱਕੇ ਹਨ ਜਾਂ ਉਹਨਾਂ ਦੀ ਮੌਤ ਹੋ ਚੁੱਕੀ ਹੋਵੇ ਹੈ।

ਕ) ਜਿੰਨ੍ਹੀ ਜਲਦੀ ਹੋ ਸਕੇ ਤਰੱਕੀ ਦੇ ਕੋਰਸ ਚਾਲੂ ਕਰਵਾਉਣ ਲਈ ਮਿਤੀਆਂ ਅਨੁਸਾਰ ਮੈਰਿਟ ਲਿਸਟਾ ਪਾਈਆਂ ਜਾਣ।

ਮਿਤੀ 01.10.18 ਤੋਂ ਇੰਟਰਮੀਡਿਏਟ/ਅੱਪਰ ਸਕੂਲ ਕੋਰਸ ਸ਼ੁਰੂ ਕਰਵਾਇਆ ਜਾ ਚੁੱਕਾ ਹੈ।

ਖ) ਐਸ.ਆਈ ਮੇਜਰ ਸਿੰਘ 1080/ਸੰਗ: ਜੋ ਕਿ ਏ.ਐਸ.ਆਈ ਦੀ ਲਿਸਟ ਵਿੱਚ ਲੜੀ ਨੰਬਰ 839 ਪਰ ਦਰਜ ਹੈ ਅਤੇ ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਲੜੀ ਨੰਬਰ 1750 ਪਰ ਦਰਜ ਹੈ, ਦੇ ਬਾਰੇ ਸਪੱਸ਼ਟ ਕੀਤਾ ਜਾਵੇ।

ਐਸ.ਆਈ ਮੇਜਰ ਸਿੰਘ 1080/ਸੰਗ: ਨੂੰ ਮਿਤੀ 13.02.2015 ਤੋਂ ਪੀ.ਪੀ.ਆਰ 13.21 ਅਧੀਨ ਵਾਰੀ ਤੋਂ ਪਹਿਲਾਂ ਤਰੱਕੀ ਲਿਸਟ ਈ-2 ਅਤੇ ਐਸ.ਆਈ ਦਿੱਤੀ ਗਈ ਹੈ, ਜਿਸ ਅਨੁਸਾਰ ਇਸਦਾ ਨਾਮ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਗਿਆ ਹੈ।

ਕਰਮਚਾਰੀਆਂ ਦੀਆਂ ਪ੍ਰਤੀਬੇਨਤੀਆਂ ਰੱਦ ਕੀਤੀਆਂ ਜਾਦੀਆਂ ਹਨ।

21. **ਇਤਰਾਜ ਵੱਲੋਂ ਪ੍ਰੋ/ਐਸ.ਆਈ ਅਮਨਪ੍ਰੀਤ ਕੌਰ ਨੰ: 29/ਜੇ.ਪੀ.ਸੀ.ਟੀ, ਪ੍ਰੋ/ਐਸ.ਆਈ ਰੁਪਿੰਦਰ ਕੌਰ ਨੰ: 31/ਜੇ.ਪੀ.ਸੀ.ਟੀ, ਪ੍ਰੋ/ਐਸ.ਆਈ. ਗੁਰਮੰਦਰ ਸਿੰਘ ਨੰ: 41/ਸੀ.ਪੀ.ਏ.ਸੀ, ਪ੍ਰੋ/ਐਸ.ਆਈ ਗਗਨਦੀਪ ਸਿੰਘ 62/ਬੀ.ਆਰ.ਟੀ :** ਇਹਨਾਂ ਕਰਮਚਾਰੀਆਂ ਨੇ ਲਿਖਿਆ ਹੈ ਕਿ ਇਹਨਾਂ ਦੀ ਕੈਟਾਗਿਰੀ ਐਸ.ਸੀ. ਦਿਖਾਈ ਗਈ ਹੈ ਜਦਕਿ ਨਾਲ ਮਜਬੀ ਸਿੱਖ ਵੀ ਲਿਖਿਆ ਜਾਣਾ ਹੈ।

ਲੋੜੀਂਦੀ ਸੋਧ ਕਰ ਲਈ ਗਈ ਹੈ।

22. **ਇਤਰਾਜ ਵੱਲੋਂ ਇੰਸ:ਲੋਕਲ ਰੈਂਕ ਅਜਾਇਬ ਸਿੰਘ ਨੰ: 694/ਪੀ.ਏ.ਪੀ. :** ਕਰਮਚਾਰੀ ਵੱਲੋਂ ਲਿਖਿਆ ਹੈ ਕਿ ਮਿਤੀ 20.02.2008 ਤੋਂ ਬਾਅਦ ਜਿਲ੍ਹਾ ਕੇਡਰ ਦੇ ਏ.ਐਸ.ਆਈਜ ਦੀ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਹੈ ਉਸ ਵਿੱਚ ਉਸਦਾ ਨਾਮ ਲੜੀ ਨੰ: 1030 ਪਰ ਦਰਜ ਹੈ ਅਤੇ ਉਸਨੂੰ ਏ.ਐਸ.ਆਈ ਦੀ ਰਿਵਾਇਜਡ ਮਿਤੀ 01.04.2010 ਪ੍ਰਪੋਜ ਕੀਤੀ ਗਈ ਹੈ। ਉਹ ਮਿਤੀ 01.12.2011 ਤੋਂ ਤਰੱਕੀ ਲਿਸਟ ਈ-1 ਦੇ ਕੇ ਮਿਤੀ 14.09.2012 ਤੋਂ ਬਤੌਰ ਐਸ.ਆਈ. ਤਰੱਕੀਯਾਬ ਕੀਤਾ ਗਿਆ ਸੀ। ਉਸ ਤੋਂ 800 ਜੂਨੀਅਰ ਕਰਮਚਾਰੀਆਂ ਨੂੰ ਐਸ.ਆਈਜ ਬਣਾ ਦਿੱਤਾ ਗਿਆ ਜਦਕਿ ਉਸਨੂੰ ਜਿਲ੍ਹਾ ਕੇਡਰ ਦੀ ਸੀਨੀਆਰਤਾ ਵਿੱਚ ਬਤੌਰ ਐਸ.ਆਈ. ਤਰੱਕੀ ਨਹੀਂ ਦਿੱਤੀ ਗਈ। ਸਾਲ 1991, 1992 ਅਤੇ 1993 ਬੈਚ ਵਿੱਚ ਸਿੱਧੀ ਭਰਤੀ ਹੋਏ ਏ.ਐਸ.ਆਈਜ ਨੂੰ ਸੀ.ਪੀ.ਓ, ਚੰਡੀਗੜ੍ਹ ਵਿਖੇ ਬੁਲਾ ਕੇ ਸਮਝਾਇਆ ਗਿਆ ਹੈ ਕਿ ਉਹ ਆਪਣੀ ਆਪਸਨ ਵੱਖ-ਵੱਖ ਕੇਡਰ ਵਿੱਚ ਦੇਣ ਪ੍ਰੰਤੂ ਉਸਨੂੰ ਅਜਿਹਾ ਨਹੀਂ ਦੱਸਿਆ ਗਿਆ। ਉਸਨੇ ਬੇਨਤੀ ਕੀਤੀ ਹੈ ਕਿ ਮਿਤੀ 28.01.2015 ਤੋਂ ਐਸ.ਆਈਜ ਜਿਸ ਮਿਤੀ ਤੋਂ ਉਸਤੋਂ ਜੂਨੀਅਰ ਏ.ਐਸ.ਆਈਜ ਨੂੰ ਆਰਮਡ ਬਨਜ ਵਿਖੇ ਬਤੌਰ ਐਸ.ਆਈ ਐਡਜਸਟ ਕੀਤਾ ਗਿਆ ਹੈ। ਉਸਨੂੰ ਵੀ ਉਸ ਮਿਤੀ ਤੋਂ ਬਤੌਰ ਐਸ.ਆਈ ਐਡਜਸਟ ਕੀਤਾ ਜਾਵੇ ਜਾਂ ਫਿਰ ਉਸਨੂੰ ਆਰਮਡ ਕੇਡਰ ਵਿੱਚ ਵਾਪਿਸ ਕਰਕੇ ਐਸ.ਆਈ ਰੈਂਕ ਦਿੱਤਾ ਜਾਵੇ ਤਾਂ ਜੋ ਉਸਦੀ ਸੀਨੀਆਰਤਾ ਵਿੱਚ ਫਰਕ ਨਾ ਆਵੇ।

ਇਸ ਕਰਮਚਾਰੀ ਨੂੰ ਹੌਲਦਾਰ ਰੈਂਕ ਵਿੱਚ ਉਸ ਵੱਲੋਂ ਦਿੱਤੀ ਆਪਸਨ ਦੇ ਆਧਾਰ ਤੇ ਜਿਲ੍ਹਾ ਪੁਲਿਸ ਕੇਡਰ ਦੀ ਸੀਨੀਆਰਤਾ ਵਿੱਚ ਸਾਮਲ ਗਿਆ ਹੈ। ਜਿਸ ਦੇ ਆਧਾਰ ਤੇ ਉਸਨੂੰ ਜਿਲ੍ਹਾ ਪੁਲਿਸ ਕੇਡਰ ਵਿੱਚ ਮਿਤੀ 01.04.2010 ਤੋਂ ਬਤੋਰ ਏ.ਐਸ.ਆਈ. ਦੀ ਪ੍ਰਪੋਜਡ ਕੀਤੀ ਗਈ ਹੈ। ਇਹ ਕਰਮਚਾਰੀ ਪੀ.ਏ.ਪੀ. ਵਿੱਚ ਮਿਤੀ 14.09.2012 ਤੋਂ ਬਤੋਰ ਐਸ.ਆਈ. ਤਰੱਕੀਯਾਬ ਸੀ, ਪ੍ਰੰਤੂ ਜਿਲ੍ਹਾ ਪੁਲਿਸ ਕੇਡਰ ਵਿੱਚ ਇਹ ਅਜੇ ਤੱਕ ਬਤੋਰ ਐਸ.ਆਈ. ਤਰੱਕੀਯਾਬ ਨਹੀ ਹੁੰਦਾ ਹੈ। ਇਸ ਦਫਤਰ ਵੱਲੋਂ ਆਪਸਨ ਸਬੰਧੀ ਜਾਰੀ ਪੱਤਰਾਂ ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ ਆਪਸਨ ਦੇਣ ਬਾਰੇ ਕਰਮਚਾਰੀ ਦੀ ਆਪਣੀ ਨਿੱਜੀ ਜਿੰਮੇਵਾਰੀ ਹੋਵੇਗੀ ਅਤੇ ਉਹਨਾਂ ਵੱਲੋਂ ਦਿੱਤੀ ਗਈ ਆਪਸਨ ਅੰਤਿਮ ਹੋਵੇਗੀ। ਕਰਮਚਾਰੀਆਂ ਵੱਲੋਂ ਦਿੱਤੀ ਗਈ ਆਪਸਨ ਕਿਸੇ ਵੀ ਸੂਰਤ ਵਿੱਚ ਬਾਅਦ ਵਿੱਚ ਬਦਲਣ ਦੀ ਆਗਿਆ ਨਹੀ ਦਿੱਤੀ ਜਾਵੇਗੀ ਅਤੇ ਨਾ ਹੀ 25.06.2018 ਤੋਂ ਬਾਅਦ ਦਿੱਤੀ ਗਈ ਆਪਸਨ ਨੂੰ ਸਵੀਕਾਰ ਕੀਤਾ ਜਾਵੇਗਾ। ਇਸ ਲਈ ਕਰਮਚਾਰੀ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਦੀ ਹੈ।

23. **ਇਤਰਾਜ ਵੱਲੋਂ ਐਸ.ਆਈ. ਅਮਰਜੀਤ ਸਿੰਘ ਨੰ: 3113/ਅੰਮ੍ਰਿਤਸਰ, 456/ਅੰਮ੍ਰਿਤਸਰ :** ਕਰਮਚਾਰੀ ਵੱਲੋਂ ਲਿਖਿਆ ਹੈ ਕਿ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰ: 416, 419, 771, 775, 1155, 1160, 1162, 1167, 1173, 1245, 1247 ਉਸਤੋਂ ਜੂਨੀਅਰ ਹਨ। ਇਸ ਤੋਂ ਇਲਾਵਾ ਮਹਿਲਾ ਕਰਮਚਾਰਨਾਂ, ਡਾਇੰਗ ਕੇਡਰ ਦੇ ਕਰਮਚਾਰੀ, ਐਕਸ ਕੇਡਰ ਦੇ ਕਰਮਚਾਰੀ ਅਤੇ ਲਿਸਟ ਡੀ-2/ਈ-2 ਵਾਲੇ ਕਰਮਚਾਰੀ ਉਸ ਤੋਂ ਜੂਨੀਅਰ ਹਨ ਪ੍ਰੰਤੂ ਉਸ ਤੋਂ ਅੱਗੇ ਲਗਾਏ ਗਏ ਹਨ। ਇਸਤੋਂ ਇਲਾਵਾ ਪ੍ਰੋ/ਐਸ.ਆਈ ਉਸ ਮਿਤੀ ਨੂੰ ਦਰਸਾਏ ਗਏ ਹਨ ਜਦੋਂ ਉਹ ਭਰਤੀ ਵੀ ਨਹੀਂ ਹੋਏ ਸਨ।

ਕਰਮਚਾਰੀ ਵੱਲੋਂ ਜਿਹਨਾਂ ਕਰਮਚਾਰੀਆਂ ਸਬੰਧੀ ਇਤਰਾਜ ਦਿੱਤਾ ਗਿਆ ਹੈ, ਉਹਨਾਂ ਨੂੰ ਲੇਡੀਜ ਕੋਟੇ ਅਧੀਨ ਤਰੱਕੀ ਦਿੱਤੀ ਗਈ ਹੈ ਅਤੇ ਤਰੱਕੀ ਲਿਸਟ ਡੀ-2/ਈ-2/ਵਾਰੀ ਤੋਂ ਪਹਿਲਾਂ ਤਰੱਕੀਯਾਬ ਕਰਮਚਾਰੀਆਂ ਦੀ ਉਹੀ ਤਰੱਕੀ ਮਿਤੀ ਰੱਖੀ ਗਈ ਹੈ। ਪ੍ਰੋ/ਐਸ.ਆਈਜ ਨੂੰ ਉਹਨਾਂ ਦੀ ਐਲੋਕੇਸਨ ਦੀ ਮਿਤੀ ਤੋਂ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਗਿਆ ਹੈ। ਕਰਮਚਾਰੀ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਦੀ ਹੈ।

24. **ਇਤਰਾਜ ਵੱਲੋਂ ਏ.ਐਸ.ਆਈ. ਹਰਮੇਲ ਸਿੰਘ ਨੰ: 577/ਕਪੂਰਥਲਾ, ਏ.ਐਸ.ਆਈ. ਰਾਜਵਿੰਦਰ ਸਿੰਘ ਨੰ: 776/ਕਪੂਰਥਲਾ, ਏ.ਐਸ.ਆਈ ਲਖਵਿੰਦਰ ਸਿੰਘ ਨੰ: 443/ਕਪੂਰਥਲਾ :**

ੳ) ਕਰਮਚਾਰੀਆਂ ਵੱਲੋਂ ਲਿਖਿਆ ਹੈ ਕਿ ਏ.ਐਸ.ਆਈ ਗੁਰਮੇਜ ਸਿੰਘ ਨੰ: 108/ਅੰਮ੍ਰਿਤਸਰ-ਦਿਹਾਤੀ, 13/ਲੁਧਿਆਣਾ, ਜੋ ਕਿ ਮਿਤੀ 23.03.2003 ਦਾ ਮੁੱਖ ਸਿਪਾਹੀ ਤਰੱਕੀਯਾਬ ਹੈ ਅਤੇ ਮਿਤ 26.07.2011 ਦਾ ਏ.ਐਸ.ਆਈ ਤਰੱਕੀਯਾਬ ਹੈ ਅਤੇ ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰ: 1864 ਪਰ ਦਰਜ ਹੈ, ਮੁੱਖ ਸਿਪਾਹੀ ਅਤੇ ਏ.ਐਸ.ਆਈ. ਰੈਂਕ ਵਿੱਚ ਉਹਨਾਂ ਤੋਂ ਜੂਨੀਅਰ ਹੈ।

ਏ.ਐਸ.ਆਈ ਗੁਰਮੇਜ ਸਿੰਘ ਨੰ: 108/ਅੰਮ੍ਰਿਤਸਰ ਨੂੰ ਵਾਰੀ ਤੋਂ ਪਹਿਲਾਂ ਤਰੱਕੀ ਲਿਸਟ ਈ-2 ਮਿਤੀ 06.07.2015 ਤੋਂ ਦਿੱਤੀ ਗਈ ਹੈ ਜਿਸ ਅਨੁਸਾਰ ਉਸਦਾ ਨਾਮ ਐਸ.ਆਈ ਰੈਂਕ ਵਿੱਚ ਤਰੱਕੀ ਦੇਣ ਉਪਰੰਤ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਗਿਆ ਹੈ ।

ਅ) ਜਦ ਉਹ ਮਹਿਕਮਾ ਪੁਲਿਸ ਵਿੱਚ ਏ.ਐਸ.ਆਈ ਨੂੰ ਤਰੱਕੀਯਾਬ ਹੋਏ ਹਨ ਉਸ ਸਮੇਂ ਪ੍ਰੋ/ਐਸ.ਆਈ ਦੀ ਭਰਤੀ ਨਹੀਂ ਕੀਤੀ ਜਾਂਦੀ ਸੀ ਅਤੇ ਬਤੌਰ ਪ੍ਰੋ/ਏ.ਐਸ.ਆਈ ਭਰਤੀ ਕੀਤੇ ਜਾਂਦੀ ਸੀ। ਜੋ ਬਾਅਦ ਵਿੱਚ ਮਹਿਕਮਾ ਪੁਲਿਸ ਨੇ ਬਤੌਰ ਏ.ਐਸ.ਆਈ ਪ੍ਰੋਬੇਸਨਰ ਦੀ ਭਰਤੀ ਬਦਲ ਕੇ ਐਸ.ਆਈ ਦੀ ਪ੍ਰੋਬੇਸਨਰ ਭਰਤੀ ਸੁਰੂ ਕਰ ਦਿੱਤੀ ਸੀ। ਜੇਕਰ ਇਹ ਬਦਲਾਵ ਕੀਤਾ ਜਾਣਾ ਸੀ ਤਾਂ ਐਸ.ਆਈ. ਦੀ ਪ੍ਰੋਬੇਸਨਰ ਭਰਤੀ ਤੋਂ ਪਹਿਲਾਂ ਉਸਨੂੰ ਐਸ.ਆਈ ਬਣਾ ਕੇ ਸੀਨੀਆਰਤਾ ਇਹਨਾਂ ਤੋਂ ਉਪਰ ਕਰਨੀ ਬਣਦੀ ਸੀ। ਉਹਨਾਂ ਨੇ ਬੇਨਤੀ ਕੀਤੀ ਹੈ ਕਿ ਉਹਨਾਂ ਦਾ ਨਾਮ ਐਸ.ਆਈ ਡੀਮ ਫਿਟ ਸੀਨੀਆਰਤਾ ਲਿਸਟ ਵਿੱਚ ਪ੍ਰੋ/ਐਸ.ਆਈ ਗੁਰਮੇਜ ਸਿੰਘ ਨੰ: 108/ਅੰਮ੍ਰਿਤਸਰ-ਦਿਹਾਤੀ, 13/ਲੁਧਿਆਣਾ ਤੋਂ ਪਹਿਲਾਂ ਦਰਜ ਕੀਤਾ ਜਾਵੇ।

ਪ੍ਰੋ/ਐਸ.ਆਈਜ ਨੂੰ ਉਹਨਾਂ ਦੀ ਐਲੋਕੇਸਨ ਮਿਤੀ ਅਨੁਸਾਰ ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਗਿਆ ਹੈ। ਏ.ਐਸ.ਆਈ. ਦੀ ਆਰਜੀ ਸੀਨੀਆਰਤਾ ਸੂਚੀ ਦੇ ਜਨਰਲ ਕੈਟਗਿਰੀ ਦੇ ਲੜੀ ਨੰ: 282 ਤੱਕ ਦੇ ਕਰਮਚਾਰੀਆਂ ਨੂੰ ਰਿਵਾਇਜਡ ਤਰੱਕੀ ਬਤੌਰ ਐਸ.ਆਈ ਦਿੱਤੀ ਗਈ ਹੈ। ਪ੍ਰਤੀਬੇਨਤੀਕਰਤਾਵਾਂ ਦਾ ਨਾਂਮ ਏ.ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 561, 815, 1856 ਤੇ ਦਰਜ ਹੈ ਅਤੇ ਇਹ ਕਰਮਚਾਰੀ ਜਿਲ੍ਹਾ ਪੁਲਿਸ ਕੇਡਰ ਵਿੱਚ ਅਜੇ ਤੱਕ ਐਸ.ਆਈ ਤਰੱਕੀਯਾਬ ਨਹੀਂ ਹੁੰਦੇ ਹਨ। ਕਰਮਚਾਰੀਆਂ ਦੀ ਪ੍ਰਤੀਬੇਨਤੀ ਰੱਦ ਕਰਨ ਦੀ ਸਿਫਾਰਸ ਕੀਤੀ ਜਾਂਦੀ ਹੈ।

25. **ਇਤਰਾਜ ਵੱਲੋਂ ਏ.ਐਸ.ਆਈ ਜਸਵੰਤ ਸਿੰਘ ਨੰ: 1261/ਫਿਰੋਜਪੁਰ, ਏ.ਐਸ.ਆਈ ਸੁਰਜੀਤ ਸਿੰਘ ਨੰ: 440/ਫਿਰੋਜਪੁਰ, ਏ.ਐਸ.ਆਈ ਗੁਰਜੀਤ ਸਿੰਘ ਨੰ: 873/ਫਿਰੋਜਪੁਰ, ਏ.ਐਸ.ਆਈ ਜਸਵੰਤ ਸਿੰਘ ਨੰ: 1855/ਫਿਰੋਜਪੁਰ, ਏ.ਐਸ.ਆਈ ਸੱਜਣ ਸਿੰਘ ਨੰ: 884/ਤ:ਤਾ: ਇਹਨਾਂ ਕਰਮਚਾਰੀਆਂ ਨੇ ਲਿਖਿਆ ਹੈ ਕਿ**

ੳ) ਲੜੀ ਨੰ: 1162, 1167, 1168, 1245, 1247, 1326, 1327, 1356, 1368, 1401, 1404, 1433, 1434, 1457, 1458, 1750, 1836, 1864, 1907, 2355 ਤੇ ਦਰਜ ਕਰਮਚਾਰੀ ਉਹਨਾਂ ਤੋਂ ਏ.ਐਸ.ਆਈ ਰੈਂਕ ਵਿੱਚ ਜੂਨੀਅਰ ਹਨ, ਪ੍ਰੰਤੂ ਐਸ.ਆਈ ਦੀ ਸੀਨੀਆਰਤਾ ਵਿੱਚ ਇਹਨਾਂ ਨੂੰ ਸੀਨੀਅਰ ਦਿਖਾਇਆ ਗਿਆ ਹੈ।

ਇਹਨਾਂ ਕਰਮਚਾਰੀਆਂ ਨੂੰ ਪੰਜਾਬ ਪੁਲਿਸ ਰੂਲ 1934 ਦੇ ਰੂਲ 13.10(2) ਅਤੇ 13.21 ਅਨੁਸਾਰ ਲਿਸਟ ਈ-2 ਤੇ ਦਰਜ ਕਰਨ ਉਪਰੰਤ ਵਾਰੀ ਤੋਂ ਪਹਿਲਾਂ ਬਤੋਰ ਐਸ.ਆਈ ਤਰੱਕੀਯਾਬ ਕੀਤਾ ਗਿਆ ਹੈ। ਐਸ.ਆਈ ਦੀ ਤਰੱਕੀ ਮਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਹਨਾਂ ਨੂੰ ਐਸ.ਆਈ. ਰੈਂਕ ਦੀ ਸੀਨੀਆਰਤਾ ਵਿੱਚ ਸਾਮਿਲ ਕੀਤਾ ਗਿਆ ਹੈ।

ਅ) ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ 20 ਕਰਮਚਾਰੀ ਜਿਹਨਾਂ ਨੇ ਇੰਟਰਮੀਡਿਏਟ ਸਕੂਲ ਕੋਰਸ ਪਾਸ ਨਹੀਂ ਕੀਤਾ ਅਤੇ ਜਿਹਨਾਂ ਦੇ ਨਾਮ ਲਿਸਟ-ਡੀ ਤੇ ਦਰਜ ਨਹੀਂ ਹਨ ਨੂੰ ਤਰੱਕੀ ਲਿਸਟ-ਈ ਲਈ ਵਿਚਾਰਿਆ ਜਾਣਾ ਯੋਗ ਨਹੀਂ ਹੈ।

ਪ੍ਰਤੀਬੇਨਤੀਕਰਤਾਵਾਂ ਵੱਲੋਂ ਦਰਸਾਏ ਕਰਮਚਾਰੀ ਹੁਣ ਮੁੱਖ ਸਿਪਾਹੀ ਅਤੇ ਏ.ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਅੱਗੇ ਆ ਗਏ ਹਨ ਅਤੇ ਇਸ ਸਮੇਂ ਵੀ ਸਰਵਿਸ ਵਿੱਚ ਹਨ। ਇਹਨਾਂ ਨੂੰ ਇਹਨਾਂ ਦੀ ਮੁੱਖ ਸਿਪਾਹੀ/ਏ.ਐਸ.ਆਈ. ਦੀ ਸੀਨੀਆਰਤਾ ਮੁਤਾਬਿਕ ਏ.ਐਸ.ਆਈ./ਐਸ.ਆਈ. ਦੀ ਤਰੱਕੀ ਮਿਤੀ ਇਸ ਸ਼ਰਤ ਤੇ ਪ੍ਰਪੋਜ ਕੀਤੀ ਗਈ ਹੈ ਕਿ ਇਹ ਪਹਿਲਾਂ ਇੰਟਮੀਡੀਏਟ ਸਕੂਲ ਕੋਰਸ/ਅਪਰ ਸਕੂਲ ਕੋਰਸ ਪਾਸ ਕਰਨਗੇ। ਜਿਹੜੇ ਕਰਮਚਾਰੀ ਇੰਟਰਮੀਡੀਏਟ ਸਕੂਲ ਕੋਰਸ/ਅਪਰ ਸਕੂਲ ਕੋਰਸ ਲਈ ਅਯੋਗ/ਅਸਹਿਮਤ ਹੋਣਗੇ ਨੂੰ ਰਿਵਾਇਜ ਤਰੱਕੀ ਮਿਤੀ ਨਹੀਂ ਦਿੱਤੀ ਜਾਵੇਗੀ।

ੲ) ਸਾਲ-2010 ਤੋਂ ਰੈਗੂਲਰ ਏ.ਐਸ.ਆਈ, ਸਾਲ-2016 ਵਿੱਚ ਭਰਤੀ ਹੋਏ ਪ੍ਰੋ/ਐਸ.ਆਈਜ ਤੋਂ ਪਿੱਛੇ ਜਾ ਰਹੇ ਹਨ। ਪ੍ਰਤੀਬੇਨਤੀਕਰਤਾ ਮਿਤੀ 21.12.2009, 01.04.2010 ਦੇ ਏ.ਐਸ.ਆਈ ਤਰੱਕੀਯਾਬ ਹਨ, ਪ੍ਰੰਤੂ ਉਹਨਾਂ ਦਾ ਨਾਮ ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਨਹੀਂ ਕੀਤਾ ਗਿਆ ਹੈ।

ਪ੍ਰੋ/ਐਸ.ਆਈਜ ਨੂੰ ਉਹਨਾਂ ਦੀ ਐਲੋਕੇਸਨ ਮਿਤੀ ਅਨੁਸਾਰ ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਗਿਆ ਹੈ। ਏ.ਐਸ.ਆਈ. ਦੀ ਆਰਜੀ ਸੀਨੀਆਰਤਾ ਸੂਚੀ ਦੇ ਜਨਰਲ ਕੈਟਗਿਰੀ ਦੇ ਲੜੀ ਨੰ: 282 ਤੱਕ ਦੇ ਕਰਮਚਾਰੀਆਂ ਨੂੰ ਰਿਵਾਇਜਡ ਤਰੱਕੀ ਬਤੌਰ ਐਸ.ਆਈ ਦਿੱਤੀ ਗਈ ਹੈ। ਪ੍ਰਤੀਬੇਨਤੀਕਰਤਾਵਾਂ ਦਾ ਨਾਂਮ ਏ.ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 307, 358, 365 ਅਤੇ 1318 ਤੇ ਦਰਜ ਹੈ ਅਤੇ ਇਹ ਕਰਮਚਾਰੀ ਜਿਲ੍ਹਾ ਪੁਲਿਸ ਕੇਡਰ ਵਿੱਚ ਅਜੇ ਤੱਕ ਐਸ.ਆਈ ਤਰੱਕੀਯਾਬ ਨਹੀਂ ਹੁੰਦੇ ਹਨ। ਕਰਮਚਾਰੀਆਂ ਦੀਆਂ ਪ੍ਰਤੀਬੇਨਤੀਆਂ ਰੱਦ ਕੀਤੀਆਂ ਜਾਦੀਆਂ ਹਨ।

26. **ਇਤਰਾਜ ਵੱਲੋਂ ਇੰਸ: ਮਹਿੰਦਰ ਸਿੰਘ ਨੰ: 1095/ਪੀ.ਏ.ਪੀ, ਇੰਸ: ਜਗਵਿੰਦਰ ਸਿੰਘ ਨੰ: 1099/ਪੀ.ਏ.ਪੀ, ਡੀ.ਐਸ.ਪੀ/ਸੀ.ਆਰ ਗੁਰਮੇਲ ਸਿੰਘ ਨੰ: 160/ਪੀ.ਏ.ਪੀ, ਇੰਸ: ਕੁਲਵੰਤ ਸਿੰਘ ਨੰ: 989/ਪੀ.ਏ.ਪੀ, ਇੰਸ: ਅਮਰਜੀਤ ਸਿੰਘ ਨੰ: 220/ਪੀ.ਏ.ਪੀ, ਇੰਸ: ਸਰਬਜੀਤ ਸਿੰਘ ਨੰ: 132/ਪੀ.ਏ.ਪੀ, ਡੀ.ਐਸ.ਪੀ/ਸੀ.ਆਰ ਸਰਜੀਤ ਸਿੰਘ ਨੰ: 822/ਪੀ.ਏ.ਪੀ, ਇੰਸ: ਕਰਮਜੀਤ ਸਿੰਘ ਨੰ: 990/ਪੀ.ਏ.ਪੀ, ਇੰਸ: ਵਿਜੇ ਕੁਮਾਰ ਨੰ: 991/ਪੀ.ਏ.ਪੀ, ਡੀ.ਐਸ.ਪੀ/ਸੀ.ਆਰ ਤੁਲਸੀ ਦਾਸ ਨੰ: 896/ਪੀ.ਏ.ਪੀ, ਇੰਸ: ਪਰਵੇਸ ਕੁਮਾਰ ਨੰ: 350/ਪੀ.ਏ.ਪੀ, ਇੰਸ: ਦਰਸਨ ਸਿੰਘ ਨੰ: 256/ਪੀ.ਏ.ਪੀ, ਇੰਸ: ਸਤਨਾਮ ਸਿੰਘ ਨੰ: 207/ਪੀ.ਏ.ਪੀ, ਇੰਸ: ਨਿਰਮਲ ਸਿੰਘ ਨੰ: 922/ਪੀ.ਏ.ਪੀ :**

ੳ) ਜਿਲ੍ਹਾ ਕੇਡਰ ਦੇ 183 ਕਰਮਚਾਰੀਆਂ ਨੂੰ ਓਹਨਾਂ ਤੋਂ ਅੱਗੇ ਲਗਾਇਆ ਗਿਆ ਹੈ, ਜਿਸ ਵਿੱਚ 135 ਕਰਮਚਾਰੀ ਜਿਹੜੇ ਇਨ-ਸਰਵਿਸ ਹਨ, 47 ਕਰਮਚਾਰੀ ਜਿਹੜੇ ਕਿ ਨੌਕਰੀ ਤੋਂ ਸੇਵਾ ਮੁਕਤ ਹੋ ਚੁੱਕੇ ਹਨ। ਇਹ ਸੇਵਾ ਮੁਕਤ ਕਰਮਚਾਰੀਆਂ ਨੇ ਇੱਕ ਵਾਰ ਆਰਮਡ ਦੀ ਵਕੈਂਸੀ ਨੂੰ ਪੂਰਾ ਕਰ ਦਿੱਤਾ ਹੈ। ਲੜੀ ਨੰ: 401 ਤੇ ਕਰਮਚਾਰੀ ਨੂੰ 13.21 ਤਹਿਤ ਪ੍ਰਮੋਸਨ ਦਿੱਤੀ ਗਈ, ਜੋ ਕਿ ਉਸਦੀ ਸੀਨੀਆਰਤਾ ਅੱਗੇ ਲਾਉਣਾ ਨਹੀਂ ਬਣਦਾ। ਪ੍ਰੋਬੇਸਨਰ ਕਰਮਚਾਰੀਆਂ ਨੂੰ ਰੂਲਾਂ ਮੁਤਾਬਿਕ ਵਕੈਂਸੀਆਂ ਦਾ 25% ਕੋਟੇ ਮੁਤਾਬਿਕ ਭਰਤੀ ਹੋਣੀ ਸੀ। ਜਦੋਂਕਿ 100 ਪ੍ਰਤੀਸਤ ਕਰਕੇ ਬੈਕਲਾਗ ਨੂੰ ਪੂਰਾ ਕੀਤਾ ਗਿਆ ਹੈ ਜੋ ਕਿ ਕੁਦਰਤੀ ਨਿਆਂ ਦੇ ਖਿਲਾਫ ਹੈ। ਇਹ ਕਰਮਚਾਰੀ ਆਪਣੀ ਸਾਰੀ ਨੌਕਰੀ ਪਸੰਦਦਾ ਜਿਲ੍ਹਾ ਕੇਡਰ ਵਿੱਚ ਕਰਨ ਦੇ ਬਾਵਜੂਦ ਆਰਮਡ ਕੇਡਰ ਵਿੱਚ ਤਾਇਨਾਤੀ ਤੋਂ ਬਗੈਰ ਹੀ, ਪਿਛਲੇ 10 ਸਾਲ ਤੋਂ ਆਰਮਡ ਕੇਡਰ ਵਿੱਚ ਮੰਨੇ ਜਾਣਗੇ, ਕਿਉਂਕਿ ਅਗਲੇ ਰੈਂਕ ਡੀ.ਐਸ.ਪੀ ਸਟੇਟ ਕੇਡਰ ਦਾ ਲੈ ਕੇ ਦੁਬਾਰਾ ਫਿਰ ਜਿਲ੍ਹਾ ਕੇਡਰ ਵਿੱਚ ਤਾਇਨਾਤ ਹੋ ਜਾਣਗੇ। ਉਹਨਾਂ ਵੱਲੋਂ ਲਿਖਿਆ ਹੈ ਕਿ ਪ੍ਰੋਬੇਸਨਰਜ ਨੂੰ ਅਸਾਮੀਆਂ ਦੇ 25 ਪ੍ਰਤੀਸਤ ਕੋਟੇ ਮੁਤਾਬਿਕ ਹੀ ਐਡਜਸਟ ਕਰਨ ਦੇ ਨਾਲ-ਨਾਲ ਜਿਲ੍ਹਾ ਕੇਡਰ ਵਿੱਚ ਹੀ ਰੱਖਿਆ ਜਾਵੇ। ਇਹਨਾਂ ਨੂੰ ਆਰਮਡ ਕੇਡਰ ਦੀ ਸੀਨੀਆਰਤਾ ਵਿੱਚ ਨਾ ਲਿਆਂਦਾ ਜਾਵੇ। ਇਸ ਤੋਂ ਇਲਾਵਾ ਪੀ.ਪੀ.ਏ ਫਿਲੌਰ ਦੇ ਨਤੀਜਿਆਂ ਮੁਤਾਬਿਕ ਪੀ.ਏ.ਪੀ ਅਤੇ ਜਿਲ੍ਹਾ ਕੇਡਰ ਦੀਆਂ ਅਸਾਮੀਆਂ ਮੁਤਾਬਿਕ ਹੀ ਜਿਵੇਂ-ਜਿਵੇਂ ਕੋਰਸ ਕਰਵਾਏ ਗਏ ਉਸ ਤਰ੍ਹਾਂ ਹੀ ਤਰੱਕੀਆਂ ਦੇ ਦਿੱਤੀਆਂ ਜਾਣ।

ਐਸ.ਆਈ. ਰੈਂਕ ਦੀ ਵੰਡ ਕਰਦੇ ਸਮੇਂ ਪੀ.ਏ.ਪੀ. ਨਾਲ ਸਬੰਧਤ ਕਰਮਚਾਰੀਆ, ਸਮੇਤ ਇੰਸਪੈਕਟਰ ਮਹਿੰਦਰ ਸਿੰਘ ਨੰਬਰ 1095/ਪੀਏਪੀ, ਵੱਲੋ ਇਹ ਇਤਰਾਜ ਐਸ.ਆਈ ਰੈਂਕ ਦੀ ਜਿਲ੍ਹਾ ਪੁਲਿਸ ਕੇਡਰ ਅਤੇ ਆਰਮਡ ਕੇਡਰ ਦੀ ਵੰਡ ਕਰਦੇ ਸਮੇਂ ਵੀ ਉਠਾਇਆ ਗਿਆ ਸੀ, ਜਿਸਦਾ ਨਿਪਟਾਰਾ ਇਸ ਦਫਤਰ ਦੇ ਸਪੀਕਿੰਗ ਆਰਡਰ ਨੰਬਰ 10461-560/ਈ-1(3) ਮਿਤੀ 27.08.2018 ਰਾਹੀਂ ਕੀਤਾ ਜਾ ਚੁੱਕਾ ਹੈ।

ਅ) 60 ਸਪਰੋਟਰਸਪਰਸਨਜ ਕਰਮਚਾਰੀ ਜਿਹੜੇ ਕਿ 295 ਸਪੋਰਟਸ ਪਰਸਨਜ ਵਿੱਚ ਹਨ, ਨੂੰ ਅੱਗੇ ਕਰਕੇ ਮਿਤੀ 05.12.2003 ਤੋਂ ਦੁਬਾਰਾ ਭਰਤੀ ਕਰਨਾ ਨਹੀਂ ਬਣਦਾ ਜਦੋਂ ਕ ਇਹ ਪਹਿਲਾਂ ਹੀ ਮਹਿਕਮੇ ਵਿੱਚ ਸਿਪਾਹੀ ਭਰਤੀ ਸੀ ਜਿਹਨਾਂ ਦੀ ਨੌਕਰੀ ਵੀ 24 ਸਾਲ ਹੋ ਚੁੱਕੀ ਹੈ, ਇਹਨਾਂ ਖਿਲਾਫ ਸਿਵਲ ਰਿੱਟ ਪਟੀਸਨ ਨੰ: 4986/2012 ਲੰਬਿਤ ਚੱਲੀ ਆ ਰਹੀ ਹੈ। ਉਹਨਾਂ ਨੂੰ ਸੀਨੀਆਰਤਾ ਇਹਨਾਂ ਕਰਮਚਾਰੀਆਂ ਤੋਂ ਅੱਗੇ ਲਗਾਇਆ ਜਾਵੇ।

ਐਸ.ਆਈ. ਰੈਂਕ ਦੀ ਵੰਡ ਕਰਦੇ ਸਮੇਂ ਪੀ.ਏ.ਪੀ. ਨਾਲ ਸਬੰਧਤ ਕਰਮਚਾਰੀਆ, ਸਮੇਤ ਇੰਸਪੈਕਟਰ ਮਹਿੰਦਰ ਸਿੰਘ ਨੰਬਰ 1095/ਪੀਏਪੀ, ਵੱਲੋ ਇਹ ਇਤਰਾਜ ਐਸ.ਆਈ ਰੈਂਕ ਦੀ ਜਿਲ੍ਹਾ ਪੁਲਿਸ ਕੇਡਰ ਅਤੇ ਆਰਮਡ ਕੇਡਰ ਦੀ ਵੰਡ ਕਰਦੇ ਸਮੇਂ ਵੀ ਉਠਾਇਆ ਗਿਆ ਸੀ, ਜਿਸਦਾ ਨਿਪਟਾਰਾ ਇਸ ਦਫਤਰ ਦੇ ਸਪੀਕਿੰਗ ਆਰਡਰ ਨੰਬਰ 10461-560/ਈ-1(3) ਮਿਤੀ 27.08.2018 ਰਾਹੀਂ ਕੀਤਾ ਜਾ ਚੁੱਕਾ ਹੈ।

ੲ) ਕੁਝ ਕਰਮਚਾਰੀਆਂ ਨੂੰ ਸੀ.ਆਈ.ਐਸ.ਐਫ ਵਿੱਚੋਂ ਲਿਆ ਕੇ ਅਤੇ ਕੁਝ ਨੂੰ ਪ੍ਰੋਬੇਸਨਰ ਤੌਰ ਤੇ ਆਰਮਡ ਕੇਡਰ ਵਿੱਚ ਭਰਤੀ ਕੀਤਾ ਗਿਆ ਦੇ ਸਬੰਧੀ ਕੋਈ ਵੀ ਵਿਗਿਆਪਨ ਆਦਿ ਨਹੀਂ ਦਿੱਤਾ ਗਿਆ। ਜੇਕਰ ਇਹਨਾਂ ਕਰਮਚਾਰੀਆਂ ਨੂੰ ਸੀ.ਆਈ.ਐਸ.ਐਫ ਵਿੱਚੋਂ ਲਿਆ ਕੇ ਭਰਤੀ ਕਰਨਾ ਹੀ ਸੀ ਤਾਂ ਇਹਨਾਂ ਵਾਸਤੇ ਕੋਈ ਵੱਖਰਾ ਕੇਡਰ ਜਿਵੇਂ ਕਿ ਐਸ.ਐਸ.ਜੀ/ਐਸ.ਪੀ.ਯੂ ਵਿੱਚ ਭਰਤੀ ਕਰ ਲਿਆ ਜਾਂਦਾ ਨਾ ਕਿ ਉਸਤੋ ਅੱਗੇ ਸੀਨੀਆਰਤਾ ਦਿੱਤੀ ਜਾਂਦੀ ਹੈ।

ਪੀ.ਪੀ.ਆਰ 12.43 ਅਤੇ ਇਸ ਦਫਤਰ ਵੱਲੋਂ ਸਥਾਈ ਹੁਕਮ ਨੰ: 37168/ਈ-5 ਮਿਤੀ 09.11.1994 ਮੁਤਾਬਿਕ ਪੈਰਾਮਿਲਟਰੀ ਫੋਰਸ ਦੇ ਕਰਮਚਾਰੀਆਂ ਨੂੰ ਪੰਜਾਬ ਪੁਲਿਸ ਵਿੱਚ ਪੱਕੇ ਤੌਰ ਤੇ ਅਬਜਾਰਬ ਕੀਤਾ ਜਾ ਸਕਦਾ ਹੈ। ਇਸ ਲਈ ਸੀ.ਆਈ.ਐਸ.ਐਫ ਦੇ ਕਰਮਚਾਰੀਆਂ ਨੂੰ ਉਕਤ ਰੂਲ/ਸਥਾਈ ਹੁਕਮ ਮੁਤਾਬਿਕ ਪੰਜਾਬ ਪੁਲਿਸ ਵਿੱਚ ਅਬਜਾਰਬ ਕੀਤਾ ਗਿਆ ਸੀ ਅਤੇ ਅਬਜਾਰਪਸਨ ਮਿਤੀ ਤੋਂ ਉਹਨਾਂ ਦੇ ਨਾਮ ਸੀਨੀਆਰਤਾ ਸੂਚੀ ਵਿੱਚ ਦਰਜ ਕੀਤੇ ਗਏ ਹਨ। ਪੰਜਾਬ ਕੈਬੀਨੇਟ ਵੱਲੋਂ ਮੀਟਿੰਗ ਮਿਤੀ 23.07.2013 ਰਾਹੀਂ ਪੈਰਾਮਿਲਟਰੀ ਫੋਰਸ ਦੇ 300 ਸਰਵਿੰਗ/ਅਸਤੀਫਾ ਅਤੇ ਰਿਟਾਇਰਡ ਆਦਿ ਕਰਮਚਾਰੀਆਂ ਨੂੰ ਸਪੈਸਲ ਪ੍ਰੋਟੈਕਸਨ ਯੂਨਿਟ ਵਿਖੇ ਇੰਡੱਕਸਨ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਜਿਸ ਦੀ ਪਾਲਣਾ ਹਿੱਤ ਇਸ ਦਫਤਰ ਵੱਲੋਂ ਪੈਰਾਮਿਲਟਰੀ ਫੋਰਸ ਦੇ ਕਰਮਚਾਰੀਆਂ ਨੂੰ ਆਰਮਡ ਬਨਜ ਵਿਖੇ ਭਰਤੀ ਕਰਕੇ ਸਪੈਸਲ ਪ੍ਰੋਟੈਕਸਨ ਯੂਨਿਟ ਵਿਖੇ ਤਾਇਨਾਤ ਕੀਤਾ ਗਿਆ ਹੈ ਅਤੇ ਉਹਨਾਂ ਦੀ ਵੱਖ-ਵੱਖ ਰੈਂਕਾਂ ਵਿੱਚ ਭਰਤੀ ਮਿਤੀ ਦੇ ਅਧਾਰ ਤੇ ਉਹਨਾਂ ਦੇ ਨਾਮ ਸੀਨੀਆਰਤਾ ਸੂਚੀਆਂ ਵਿੱਚ ਦਰਜ ਕੀਤੇ ਗਏ ਹਨ।

ਸ) ਸਪੋਰਟਸ ਪਰਸਨਜ ਨੂੰ ਸਿੱਧੇ ਤੌਰ ਤੇ ਅਪਰ ਸਕੂਲ ਕਰਵਾਉਣ ਉਪਰੰਤ ਉਹਨਾਂ ਤੋਂ ਪਹਿਲਾਂ ਐਸ.ਆਈ. ਬਣਾ ਦਿੱਤਾ ਗਿਆ ਸੀ। ਜਦੋਂਕਿ ਇਹਨਾਂ ਹੁਕਮਾਂ ਵਿੱਚ ਉਹਨਾਂ ਨੂੰ ਵੀ ਐਸ.ਆਈ. ਬਣਾਇਆ ਜਾਣਾ ਸੀ, ਪ੍ਰੰਤੂ ਨਹੀਂ ਬਣਾਇਆ ਗਿਆ। ਅਜੀਤ ਸਿੰਘ ਜੰਜੂਆ ਜੱਜਮੈਂਟ ਕਰਕੇ ਉਸਦੀ ਰਿਜਰਵੇਸਨ ਨੂੰ ਨਜਰ ਅੰਦਾਜ ਕਰਕੇ ਤਰੱਕੀ ਨਹੀਂ ਦਿੱਤੀ ਗਈ ਜਦੋਂਕਿ ਡੀ.ਐਸ.ਪੀ ਪੂਰਨ ਚੰਦ 1026/ਪੀ.ਏ.ਪੀ ਤੇ ਜੰਜੂਆ ਜੱਜਮੈਂਟ ਦਾ ਕੋਈ ਅਸਰ ਨਹੀਂ ਪਾਇਆ ਗਿਆ ਹੈ। ਇਹ ਡੀ.ਐਸ.ਪੀ ਜਦੋਂ ਉਹ 1994 ਦੇ ਦੂਜੇ ਬੈਚ ਵਿੱਚ ਅਪਰ ਸਕੂਲ ਕੋਰਸ ਕਰ ਰਿਹਾ ਸੀ ਉਸ ਸਮੇਂ ਇਹ ਇੰਟਰਮੀਡਿਏਟ ਸਕੂਲ ਕੋਰਸ ਕਰ ਰਿਹਾ ਸੀ। ਬੈਚ ਦਾ ਫਰਕ ਹੋਣ ਤੇ ਵੀ ਉਸਨੂੰ ਇਸ ਤੋਂ ਪਹਿਲਾਂ ਤਰੱਕੀ ਨਹੀਂ ਦਿੱਤੀ ਗਈ।

ਖਿਡਾਰੀ ਕਰਮਚਾਰੀਆਂ ਨੂੰ 5% ਸਪੋਰਸਟਸ ਕੋਟੇ ਦੇ ਤਹਿਤ ਅਪਰ ਸਕੂਲ ਕੋਰਸ ਕਰਵਾਉਣ ਉਪਰੰਤ ਉਹਨਾਂ ਨੂੰ ਇਸ ਦਫਤਰ ਵੱਲੋਂ ਉੱਕਤ ਕੋਰਸ ਤੋਂ ਛੋਟ ਦੇ ਕੇ ਤਰੱਕੀ ਲਿਸਟ ਈ-2 ਰਾਹੀਂ ਬਤੌਰ ਐਸ.ਆਈ ਤਰੱਕੀਯਾਬ ਕੀਤਾ ਗਿਆ ਹੈ।

ਹ) ਲੜੀ ਨੰ: 372, 380, 386, 424 ਅਤੇ 451 ਤੱਕ ਜਿਹੜੇ ਸਪੋਰਟਸ ਪਰਸਨਜ ਨੂੰ ਲਿਸਟ ਐਫ ਦਿੱਤੀ ਗਈ ਹੈ ਦਰਖਾਸਤਕਰਤਾਵਾਂ ਦੀ ਲਿਸਟ-ਐਫ ਮਿਤੀ 13.12.2011, ਸਪੋਰਟਸ ਪਰਸਨਜ ਤੋ ਪਹਿਲਾਂ ਬਨਦੀ ਸੀ, ਜਿਹੜੀ ਕਿ ਉਹਨਾਂ ਨੂੰ ਮਿਤੀ 03.11.2015 ਵਿੱਚ ਜਾ ਕੇ ਦਿੱਤੀ ਸੀ। ਦਰਖਾਸਤਕਰਤਾਵਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਨੂੰ ਉੱਕਤ ਜੂਨੀਅਰ ਕਰਮਚਾਰੀਆਂ ਤੋਂ ਉੱਤੇ ਸੀਨੀਆਰਤਾ ਦਿੱਤੀ ਜਾਵੇ ਅਤੇ ਡੀ.ਐਸ.ਪੀ ਦੀ ਬਨਦੀ ਤਰੱਕੀ ਦਿੱਤੀ ਜਾਵੇ।

ਖਿਡਾਰੀ ਕਰਮਚਾਰੀਆਂ ਅਤੇ ਪ੍ਰਤੀਬੇਨਤੀਕਰਤਾਵਾਂ ਨੂੰ ਤਰੱਕੀ ਲਿਸਟ-ਐਫ, ਐਸ.ਆਈ. ਰੈਂਕ ਦੀ ਸੀਨੀਆਰਤਾ ਮੁਤਾਬਿਕ ਦਿੱਤੀ ਗਈ ਹੈ।

ਕਰਮਚਾਰੀਆਂ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਦੀ ਹਨ।

27. **ਇਤਰਾਜ ਵੱਲੋਂ ਐਸ.ਆਈ ਰਘਬੀਰ ਸਿੰਘ 2521/ਲੁਧਿਆਣਾ** : ਕਰਮਚਾਰੀ ਨੇ ਲਿਖਿਆ ਹੈ ਕਿ ਉਹ ਮਿਤੀ 21.04.1981 ਦਾ ਭਰਤੀ ਹੈ। ਉਹ ਮਿਤੀ 01.09.1989 ਦਾ ਮੁੱਖ ਸਿਪਾਹੀ ਅਤੇ ਮਿਤੀ 03.04.2013 ਦਾ ਐਸ.ਆਈ. ਤਰੱਕੀਯਾਬ ਹੈ। ਉਸਦਾ ਨਾਮ ਐਸ.ਆਈ. ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਨਹੀਂ ਹੈ।

ਕਰਮਚਾਰੀ ਨੂੰ ਏ.ਐਸ.ਆਈ ਰੈਂਕ ਵਿੱਚ ਆਰਮਡ ਕੇਡਰ ਦੀ ਸੀਨੀਆਰਤਾ ਵਿੱਚ ਸਾਮਲ ਕੀਤਾ ਗਿਆ ਹੈ। ਇਸ ਕਰਮਚਾਰੀ ਦਾ ਨਾਮ ਆਰਮਡ ਕੇਡਰ ਵੱਲੋਂ ਜਾਰੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰ: 217 ਤੇ ਦਰਜ ਹੈ ਅਤੇ ਇਸਨੂੰ ਐਸ.ਆਈ ਰੈਂਕ ਦੀ ਰਿਵਾਇਜ਼ਡ ਮਿਤੀ 30.06.2010 ਪ੍ਰਪੋਜ ਕੀਤੀ ਗਈ ਹੈ।

28. **ਇਤਰਾਜ ਵੱਲੋਂ ਰਿਟਾ: ਐਸ.ਆਈ ਗੁਰਮੀਤ ਸਿੰਘ ਨੰ: 316/ਆਰ** : ਕਰਮਚਾਰੀ ਨੇ ਲਿਖਿਆ ਹੈ ਕਿ ਇਸ ਦਫਤਰ ਵੱਲੋਂ ਜਾਰੀ ਸੀਨੀਆਰਤਾ ਸੂਚੀ ਵਿੱਚ ਉਸਦਾ ਨਾਮ ਲੜੀ ਨੰ: 3621 ਦਰਜ ਹੈ। ਪਰ ਉਸਤੋਂ ਅੱਗੇ ਉਸਦੀ ਸੀਨੀਆਤਾ ਸਬੰਧੀ ਕੋਈ ਵੇਰਵਾ ਨਹੀਂ ਦਿੱਤਾ ਹੋਇਆ ਹੈ। ਉਹ ਸਾਲ-2001 ਵਿੱਚ ਬਤੌਰ ਏ.ਐਸ.ਆਈ ਤਰੱਕੀਯਾਬ ਹੋਇਆ ਹੈ। ਉਹ ਬਤੌਰ ਐਸ.ਆਈ ਮਹਿਕਮਾ ਪੁਲਿਸ ਵਿੱਚੋਂ ਰਿਟਾਇਰ ਹੋਇਆ ਹੈ। ਉਸ ਵੱਲੋਂ ਮਿਤੀ 20.02.2008 ਤੋਂ ਬਾਅਦ ਪੀ.ਏ.ਪੀ ਕੇਡਰ ਦੀ ਆਪਸਨ ਦਿੱਤੀ ਹੋਈ ਹੈ। ਉਸਨੇ ਬੇਨਤੀ ਕੀਤੀ ਹੈ ਕਿ ਉਸਦੀ ਬਣਦੀ ਸੀਨੀਅਰਤਾ ਦਿੱਤੀ ਜਾਵੇ।

ਕਰਮਚਾਰੀ ਦਾ ਨਾਮ ਏ.ਐਸ.ਆਈ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 2526 ਤ ਦਰਜ ਹੈ। ਇਸਦੀ ਆਪਸਨ ਦੇ ਅਧਾਰ ਤੇ ਇਸ ਕਰਮਚਾਰੀ ਨੂੰ ਆਰਮਡ ਕੇਡਰ ਦੀ ਸੀਨੀਆਰਤਾ ਵਿੱਚ ਦਰਜ ਕੀਤਾ ਗਿਆ ਹੈ। ਇਸਦੀ ਪ੍ਰਤੀਬੇਨਤੀ ਏ.ਡੀ.ਜੀ.ਪੀ/ਆਰਮਡ ਕੇਡਰ ਨੂੰ ਭੇਜਣੀ ਬਨਦੀ ਹੈ।

29. **ਇਤਰਾਜ ਵੱਲੋਂ ਏ.ਐਸ.ਆਈ ਸੁਭਾਸ ਚੰਦਰ 1008/ਗੁਰਦਾਸਪੁਰ, ਏ.ਐਸ.ਆਈ ਪਰਮੋਦ ਕੁਮਾਰ ਨੰ: 287/ਗੁਰਦਾਸਪੁਰ, ਏ.ਐਸ.ਆਈ ਸਤਿੰਦਰਪਾਲ ਸਿੰਘ 1959/ਗੁਰਦਾਸਪੁਰ, ਏ.ਐਸ.ਆਈ ਇੰਦਰਜੀਤ ਸਿੰਘ ਨੰ: 992/ਗੁਰਦਾਸਪੁਰ** : ਕਰਮਚਾਰੀਆਂ ਵੱਲੋਂ ਲਿਖਿਆ ਹੈ ਕਿ ਏ.ਐਸ.ਆਈ ਮਨਜੀਤ ਸਿੰਘ ਨੰ: 1174/ਗੁਰਦਾਸਪੁਰ, ਏ.ਐਸ.ਆਈ ਦੀਪਕ ਕੁਮਾਰ 30/ਗੁਰਦਾਸਪੁਰ, ਅਤੇ ਏ.ਐਸ.ਆਈ ਬਲਵਿੰਦਰ ਸਿੰਘ 117/ਗੁਰਦਾਸਪੁਰ ਉਸ ਦੇ ਬੈਚਮੈਟ ਹਨ ਇਹਨਾਂ ਦੇ ਨਾਮ ਸੀਨੀਆਰਤਾ ਸੂਚੀ

ਵਿੱਚ ਲੜੀ ਨੰ: 1236, 1348 ਅਤੇ 1349 ਤੇ ਦਰਜ ਹਨ। ਪ੍ਰਾਰਥੀ ਦਾ ਨਾਮ ਸੀਨੀਆਰਤਾ ਸੂਚੀ ਵਿੱਚ ਲੜ੍ਹੀ ਨੰ: 1722 ਪਰ ਦਰਜ ਹੈ। ਇਸ ਤੋਂ ਇਲਾਵਾ ਇਸ ਕਰਮਚਾਰੀ ਨੇ ਇਤਰਾਜ ਪੇਸ ਕੀਤਾ ਹੈ ਕਿ ਲੜੀ ਨੰ: 1459 ਤੋਂ 1692 ਤੱਕ ਪ੍ਰੋਬੇਸਨਰ ਐਸ.ਆਈ ਨੂੰ ਉਹਨਾਂ ਦੀ ਜੁਆਇਨਿੰਗ ਮਿਤੀ ਤੋਂ ਪਹਿਲਾਂ ਸੀਨੀਆਰਤਾ ਦਿੱਤੀ ਗਈ ਹੈ, ਜੋ ਨਹੀਂ ਦੇਣੀ ਬਣਦੀ ਹੈ। ਇਸ ਲਈ ਉਸ ਦੀ ਸੀਨੀਆਰਤਾ ਉਸ ਦੇ ਬੈਚ ਦੇ ਨਾਲ ਇਕੱਠੀ ਕੀਤੀ ਜਾਵੇ ਅਤੇ ਪ੍ਰੋਬੇਸਨਰ ਐਸ.ਆਈ ਨੂੰ ਲਿਸਟ ਵਿੱਚ ਉਹਨਾਂ ਦੇ ਪਿੱਛੇ ਲਗਾਇਆ ਜਾਵੇ।

ਪ੍ਰਤੀਬੇਨਤੀਕਰਤਾ ਅਤੇ ਉਹਨਾਂ ਵੱਲੋਂ ਦਰਸਾਏ ਕਰਮਚਾਰੀ ਇੱਕ ਹੀ ਬੈਚ ਦੇ ਲੋਅਰ ਸਕੂਲ ਕੋਰਸ ਪਾਸ ਹਨ, ਜਿਹਨਾਂ ਦਾ ਨਾਮ ਤਰੱਕੀ ਲਿਸਟ ਸੀ-1 ਤੇ ਮਿਤੀ 01.10.1990 ਤੋਂ ਦਰਜ ਹਨ। ਇਹਨਾਂ ਸਾਰੇ ਕਰਮਚਾਰੀਆਂ ਨੂੰ ਰਿਵਾਇਜਡ ਤਰੱਕੀ ਬਤੌਰ ਏ.ਐਸ.ਆਈ ਮਿਤੀ 20.07.2009 ਪ੍ਰਪੋਜ ਕੀਤੀ ਗਈ ਹੈ। ਐਸ.ਆਈ ਰੈਂਕ ਵਿੱਚ ਮੌਜੂਦ ਅਸਾਮੀਆਂ ਦੇ ਅਧਾਰ ਤੇ ਏ.ਐਸ.ਆਈ ਮਨਜੀਤ ਸਿੰਘ ਨੰ: 1174/ਗੁਰਦਾਸਪੁਰ, ਏ.ਐਸ.ਆਈ ਦੀਪਕ ਕੁਮਾਰ 30/ਗੁਰਦਾਸਪੁਰ, ਅਤੇ ਏ.ਐਸ.ਆਈ ਬਲਵਿੰਦਰ ਸਿੰਘ 117/ਗੁਰਦਾਸਪੁਰ ਜਿਹਨਾਂ ਦਾ ਨਾਮ ਏ.ਐਸ.ਆਈ ਦੀ ਮਿਤੀ 20.02.2008 ਤੋਂ ਬਾਅਦ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰ: 179 ਤੱਕ ਦਰਜ ਹੈ, ਨੂੰ ਐਸ.ਆਈ ਰੈਂਕ ਵਿੱਚ ਰਿਵਾਇਜਡ ਤਰੱਕੀ ਮਿਤੀ 27.03.2012/19.10.2012 ਪ੍ਰਪੋਜ ਕੀਤੀ ਗਈ ਹੈ। ਜਦੋਂਕਿ ਪ੍ਰਤੀਬੇਨਤੀਕਰਤਾਵਾਂ ਜਿਹਨਾਂ ਦਾ ਨਾਮ ਸੀਨੀਆਰਤਾ ਨੰ: 180 ਤੋਂ ਬਾਅਦ ਦਰਜ ਹੈ, ਨੂੰ 28.01.2015 ਪ੍ਰਪੋਜ ਕੀਤੀ ਗਈ ਹੈ। ਇਹਨਾਂ ਦੇ ਵਿਚਕਾਰ ਸਾਲ-2014 ਵਿੱਚ ਭਰਤੀ ਕੀਤੇ ਪ੍ਰੋਬੇਸਨਰ ਐਸ.ਆਈਜ ਨੂੰ ਉਹਨਾਂ ਦੀ ਐਲੋਕੇਸਨ ਦੀ ਮਿਤੀ ਅਨੁਸਾਰ ਦਰਜ ਕੀਤਾ ਗਿਆ ਹੈ। ਜਿਸ ਨਾਲ ਪ੍ਰਤੀਬੇਨਤੀਕਰਤਾਵਾਂ ਅਤੇ ਉਹਨਾਂ ਦੇ ਮੁੱਖ ਸਿਪਾਹੀ/ਏ.ਐਸ.ਆਈ ਬੈਚ ਦੇ ਕਰਮਚਾਰੀਆਂ ਨਾਲ ਤਰੱਕੀ ਵਿੱਚ ਅੰਤਰ ਆਇਆ ਹੈ। ਕਰਮਚਾਰੀਆਂ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

30. **ਇਤਰਾਜ ਵੱਲੋਂ ਐਸ.ਆਈ ਅਵਤਾਰ ਸਿੰਘ ਨੰ: 1855/ਬਟਾਲਾ** : ਕਰਮਚਾਰੀ ਨੇ ਲਿਖਿਆ ਹੈ ਕਿ ਉਸਦਾ ਨਾਮ ਏ.ਐਸ.ਆਈ ਰੈਂਕ ਦੀ ਫਾਈਨਲ ਕੀਤੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 6294 ਤੇ ਦਰਜ ਹੈ। ਇਸ ਕਰਮਚਾਰੀ ਨੇ ਬੇਨਤੀ ਕੀਤੀ ਹੈ ਕਿ ਉਸਦਾ ਨਾਮ ਐਸ.ਆਈਜ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਜਾਵੇ।

ਕਰਮਚਾਰੀ ਨੂੰ ਏ.ਐਸ.ਆਈ ਰੈਂਕ ਵਿੱਚ ਆਰਮਡ ਕੇਡਰ ਦੀ ਸੀਨੀਆਰਤਾ ਵਿੱਚ ਸਾਮਲ ਕੀਤਾ ਗਿਆ ਹੈ। ਇਸ ਕਰਮਚਾਰੀ ਦਾ ਨਾਮ ਆਰਮਡ ਕੇਡਰ ਵੱਲੋਂ ਜਾਰੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰ: 278 ਤੇ ਦਰਜ ਹੈ ਅਤੇ ਇਸਨੂੰ ਐਸ.ਆਈ ਰੈਂਕ ਦੀ ਰਿਵਾਇਡ ਮਿਤੀ 31.07.2011 ਪ੍ਰਪੋਜ ਕੀਤੀ ਗਈ ਹੈ।

31. **ਇਤਰਾਜ ਵੱਲੋਂ ਇੰਸ: ਭੁਪਿੰਦਰ ਸਿੰਘ ਨੰ: 1411/ਪੀ.ਏ.ਪੀ, ਇੰਸ: ਪਵਨ ਕੁਮਾਰ ਨੰ: 1416/ਪੀ.ਏ.ਪੀ, ਇੰਸ: ਦਵਿੰਦਰ ਸਿੰਘ ਨੰ: 1405/ਪੀ.ਏ.ਪੀ** : ਕਰਮਚਾਰੀਆਂ ਵੱਲੋਂ ਲਿਖਿਆ ਹੈ ਕਿ ਜਿਹੜੇ ਜਿਲ੍ਹਾ ਕੇਡਰ ਦੇ ਐਸ.ਆਈ ਨੇ ਆਪਣੀ ਆਪਸ਼ਨ ਪੀ.ਏ.ਪੀ ਦੀ ਨਹੀਂ ਦਿੱਤੀ ਅਤੇ ਉਹਨਾਂ ਨੂੰ administrative contingency ਪਰ ਆਰਮਡ ਬਨਜ ਦੀ ਇੰਸਪੈਕਟਰ ਰੈਂਕ ਦੀ ਸੀਨੀਆਰਤਾ ਵਿੱਚ ਲਾਇਆ ਗਿਆ ਹੈ, ਜੋ ਕਿ ਇਹਨਾਂ ਇੰਸਪੈਕਟਰਾਂ ਦੀ ਗਿਣਤੀ 30-35 ਬਣਦੀ ਹੈ। ਜੇ ਇਹਨਾਂ ਇੰਸਪੈਕਟਰਾਂ ਨੂੰ ਜਿਲ੍ਹਾ ਕੇਡਰ ਵਿੱਚ ਵਾਪਸ ਭੇਜ ਦਿੱਤਾ ਜਾਵੇ ਤਾਂ ਉਸ ਦੀ ਸੀਨੀਆਰਤਾ ਜਿਲ੍ਹਾ ਕੇਡਰ ਵਿੱਚ ਗਏ ਉਸ ਤੋਂ ਜੂਨੀਅਰ ਇੰਸਪੈਕਟਰਾਂ ਤੇ ਅੱਗੇ ਜਾ ਉਹਨਾਂ ਨਾਲ ਆ ਸਕਦੀ ਹੈ।

ਪੰਜਾਬ ਪੁਲਿਸ ਵਿੱਚ ਤਰੱਕੀਆਂ ਅਤੇ ਸੀਨੀਆਰਤਾ ਸਬੰਧੀ ਸਾਲ-2011 ਤੋਂ ਮਾਨਯੋਗ ਹਾਈਕੋਰਟ ਵਿੱਚ ਰਿੱਟਾਂ ਚੱਲ ਰਹੀਆਂ ਸਨ। ਸਾਲ-2011 ਵਿੱਚ ਸੀਨੀਆਰਤਾ ਸੂਚੀਆਂ ਜਾਰੀ ਕੀਤੀਆਂ ਗਈਆਂ ਸਨ। ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 4829/2011 -ਇੰਸਪੈਕਟਰ ਪ੍ਰਦੀਪ ਸਿੰਘ ਅਤੇ ਹੋਰਾਂ ਵਿੱਚ ਹੁਕਮ ਮਿਤੀ 16.12.2014 ਅਨੁਸਾਰ ਸਾਲ-2016 ਵਿੱਚ ਫਿਰ ਏ.ਐਸ.ਆਈ. ਤੋਂ ਇੰਸਪੈਕਟਰ ਰੈਂਕ ਤੱਕ ਦੀਆਂ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਗਈਆਂ ਸਨ, ਪ੍ਰੰਤੂ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 14.12.2016 ਅਨੁਸਾਰ ਹੌਲਦਾਰ ਰੈਂਕ ਤੋਂ ਇੰਸਪੈਕਟਰ ਰੈਂਕ ਵਿੱਚ ਮਿਤੀ 20.02.2008 ਤੋਂ ਪਹਿਲਾਂ ਸਾਂਝੀ (ਜ਼ਿਲ੍ਹਾ ਪੁਲਿਸ ਅਤੇ ਆਰਮਡ ਪੁਲਿਸ) ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ ਅਤੇ ਮਿਤੀ 20.02.2008 ਤੋਂ ਬਾਅਦ ਕਰਮਚਾਰੀਆਂ ਦੀ ਵੰਡ ਆਦਿ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 29.05.2018 ਅਨੁਸਾਰ ਆਪਸਨਾਂ ਪ੍ਰਾਪਤ ਕਰਨ ਤੋਂ ਬਾਅਦ, ਪ੍ਰਾਪਤ ਹੋਈਆਂ ਆਪਸਨਾਂ ਅਤੇ ਪ੍ਰਬੰਧਕੀ ਅਧਾਰ ਤੇ ਕੀਤੀ ਗਈ ਹੈ। ਕਰਮਚਾਰੀਆਂ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

32. **ਇਤਰਾਜ ਵੱਲੋਂ ਇੰਸ: ਦਵਿੰਦਰ ਸਿੰਘ ਨੰ: 1405/ਪੀ.ਏ.ਪੀ** : ਕਰਮਚਾਰੀ ਨੇ ਲਿਖਿਆ ਹੈ ਕਿ ਆਰਮਡ ਕੇਡਰ ਦੀ ਇੰਸਪੈਕਟਰ ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਉਸਦਾ ਨਾਮ ਲੜੀ ਨੰ: 229 (ਸੀਨੀਆਰਤਾ ਨੰ: 2722) ਪਰ ਦਰਜ ਹੈ ਅਤੇ ਉਸਨੂੰ ਲਿਸਟ-ਐਫ 14.03.2012 ਪ੍ਰਪੋਜ ਕੀਤੀ ਗਈ ਹੈ। ਲੜੀ ਨੰ: 206 ਤੋਂ ਲੈ ਕੇ 228 ਤੱਕ ਜੋ ਕਰਮਚਾਰੀ ਉਸ ਤੋਂ ਅੱਗੇ ਲਗਾਏ ਗਏ ਹਨ ਉਹ ਸਾਰੇ ਜਨਮ ਮਿਤੀ ਅਨੁਸਾਰ ਉਸਤੋਂ ਜੂਨੀਅਰ ਹਨ। ਪੰਜਾਬ ਸਰਕਾਰ ਦੇ ਨੋਟੀਫਿਕੇਸਨ ਮਿਤੀ 28.12.2006 ਦੇ ਮੁਤਾਬਿਕ 295 ਖਿਡਾਰੀਆਂ ਨੂੰ ਪੀ.ਪੀ.ਆਰ ਦੇ ਫਿਕਰਾ ਨੰ: 12.2 ਲਗਾ ਕੇ ਭਰਤੀ ਕੀਤਾ ਗਿਆ ਸੀ ਅਤੇ ਜਨਮ ਮਿਤੀ ਨੂੰ ਅਧਾਰ ਮਨ ਕੇ ਸੀਨੀਆਰਤਾ ਸੂਚੀ ਮਿਤੀ 05.12.2003 ਤੇ ਤਿਆਰ ਕੀਤੀ ਸੀ ਤੇ ਉਸ ਸਮੇਂ ਵੱਖਰੇ-ਵੱਖਰੇ ਰੈਂਕ ਦੀ ਜਨਮ ਮਿਤੀ ਦੇ ਅਨੁਸਾਰ ਸੀਨੀਆਰਤਾ ਲਾਈ ਗਈ ਸੀ। ਪ੍ਰੰਤੂ ਹੁਣ ਇੰਸਪੈਕਟਰ ਅਤੇ ਐਸ.ਆਈ ਦੀ ਸੀਨੀਆਰਤਾ ਲਿਸਟ ਪ੍ਰਮੋਸਨ ਦੇ ਅਨੁਸਾਰ ਲਈ ਗਈ ਹੈ ਅਤੇ ਬਾਕੀਆਂ ਦੀ ਜਨਮ ਮਿਤੀ ਦੇ ਹਿਸਾਬ ਨਾਲ ਲਈ ਗਈ ਹੈ। ਸਾਰੇ 295 ਖਿਡਾਰੀ ਇੱਕੋ ਨੋਟੀਫਿਕੇਸਨ ਦੇ ਭਰਤੀ ਹਨ। ਇਸ ਕਰਕੇ ਉਹਨਾਂ ਦੀ ਸੀਨੀਆਰਤਾ ਜਨਮ ਮਿਤੀ ਜਾਂ ਲਿਸਟ ਪ੍ਰਮੋਸਨ ਦੇ ਹਿਸਾਬ ਨਾਲ ਲਾਈ ਜਾਵੇ।

ਪੰਜਾਬ ਸਰਕਾਰ ਦੇ ਨੋਟੀਫਿਕੇਸਨ ਮਿਤੀ 28.12.2006 ਰਾਹੀਂ ਆਰਮਡ ਕੇਡਰ ਦੇ 10% ਸੀ-2 ਕੋਟੇ ਤੋਂ ਵੱਧ ਤਰੱਕੀਯਾਬ ਖਿਡਾਰੀ ਕਰਮਚਾਰੀਆਂ ਲਈ ਵੱਖ-ਵੱਖ ਰੈਂਕਾਂ ਵਿੱਚ 295 ਪੋਸਟਾਂ ਦੀ ਰਚਨਾ ਕੀਤੀ ਗਈ ਹੈ। ਇਹਨਾਂ ਖਿਡਾਰੀ ਕਰਮਚਾਰੀਆਂ ਦੀ ਮੁੱਖ ਸਿਪਾਹੀ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਸੀਨੀਆਰਤਾ ਜਨਮ ਮਿਤੀ ਨੂੰ ਅਧਾਰ ਮਨ ਕੇ ਤਿਆਰ ਕੀਤੀ ਗਈ ਸੀ, ਪ੍ਰੰਤੂ ਕੁਝ ਕਰਮਚਾਰੀਆਂ ਵੱਲੋਂ ਪ੍ਰਤੀਬੇਨਤੀ ਪ੍ਰਾਪਤ ਹੋਣ ਤੇ ਏ.ਡੀ.ਜੀ.ਪੀ/ਆਰਮਡ ਬਨਜ ਵੱਲੋਂ ਪ੍ਰਾਪਤ ਟਿੱਪਣੀ ਅਨੁਸਾਰ ਇਹਨਾਂ ਕਰਮਚਾਰੀਆਂ ਦੀ ਐਸ.ਆਈ ਅਤੇ ਇੰਸਪੈਕਟਰ ਰੈਂਕ ਦੀ ਸੀਨੀਆਰਤਾ ਇਸ ਦਫਤਰ ਦੇ ਪੱਤਰ ਨੰ: 10695/ਈ-1(1) ਮਿਤੀ 28.08.2018 ਅਤੇ ਨੰ: 11316/ਈ-1(3) ਮਿਤੀ 30.08.2018 ਰਾਹੀਂ ਲੈਂਥ ਆਫ ਸਰਵਿਸ ਦੇ ਅਧਾਰ ਤੇ ਫਿਕਸ ਕੀਤੀ ਗਈ ਹੈ। ਕਰਮਚਾਰੀ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

33. **ਇਤਰਾਜ ਵੱਲੋਂ ਪ੍ਰੋ/ਐਸ.ਆਈ ਰੋਨੀ ਸਿੰਘ ਸੱਲ ਨੰ: 24/ਪੀ.ਆਰ.ਟੀ, ਪ੍ਰੋ/ਐਸ.ਆਈ ਕਰਨਦੀਪ ਸਿੰਘ ਨੰ: 68/ਬੀ.ਟੀ.ਆਰ.ਟੀ** : ਕਰਮਚਾਰੀਆਂ ਵੱਲੋਂ ਲਿਖਿਆ ਹੈ ਕਿ ਸਾਲ-2011 ਵਿੱਚ ਜਿਲ੍ਹਾ ਕੇਡਰ ਦੀ ਪ੍ਰੋ/ਐਸ.ਆਈ ਦੀ ਭਰਤੀ ਲਈ ਉਹਨਾਂ ਨੇ ਅਪਲਾਈ ਕੀਤਾ ਸੀ। ਜਨਰਲ ਕੈਟਿਗਰੀ ਦੇ ਸਿਲੈਕਟ ਕੀਤੇ 61 ਉਮੀਦਵਾਰਾਂ ਦੀ ਲਿਸਟ ਨਵੰਬਰ-2013 ਵਿੱਚ ਜਾਰੀ ਕੀਤੀ ਗਈ ਸੀ ਅਤੇ ਕੁਝ ਕਰਮਚਾਰੀਆਂ ਨੂੰ ਵੇਟਿੰਗ ਲਿਸਟ ਵਿੱਚ ਰੱਖਿਆ ਗਿਆ ਸੀ। ਇਹਨਾਂ ਵਿੱਚੋਂ 8 ਕਰਮਚਾਰੀਆਂ ਵੱਲੋਂ ਜੁਆਇੰਨ ਨਹੀਂ ਕੀਤਾ ਗਿਆ ਸੀ। ਪਰ ਪੂਰੀ ਮੈਰਿਟ ਲਿਸਟ ਵਿੱਚੋਂ ਕੇਵਲ 7 ਉਮੀਦਵਾਰਾਂ ਨੂੰ ਬੁਲਾਇਆ ਗਿਆ ਸੀ ਜਦਕਿ ਉਹ 69-70ਵੇਂ ਨੰਬਰ ਤੇ ਸੀ। ਪ੍ਰੰਤੂ ਉਹਨਾਂ ਨੂੰ ਭਰਤੀ ਨਹੀਂ ਕੀਤਾ ਗਿਆ। ਉਹਨਾਂ ਨੇ ਬਤੌਰ ਐਸ.ਆਈ. ਭਰਤੀ ਸਬੰਧੀ ਮਾਨਯੋਗ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸਨ ਨੰ: 24324/2014 ਦਾਇਰ ਕੀਤੀ ਸੀ। ਮਾਨਯੋਗ ਅਦਾਲਤ ਵੱਲੋਂ ਮਿਤੀ 23.08.2016 ਨੂੰ ਉਸਦੇ ਹੱਕ ਵਿੱਚ ਫੈਸਲਾ ਦਿੱਤਾ ਸੀ ਅਤੇ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਸੀ ਕਿ ਉਸਨੂੰ ਐਸ.ਆਈ ਭਰਤੀ ਕਰਨ ਸਬੰਧੀ ਕੇਸ 2 ਮਹੀਨਿਆਂ ਦੇ ਵਿੱਚ-ਵਿੱਚ ਵਿਚਾਰਿਆ ਜਾਵੇ। ਜਿਸ ਉਪਰੰਤ ਮਿਤੀ 28.12.2016 ਨੂੰ ਉਸਨੂੰ ਬਤੌਰ ਐਸ.ਆਈ ਭਰਤੀ ਕਰ ਲਿਆ ਗਿਆ ਸੀ। ਹੁਣ ਮਿਤੀ 20.02.2008 ਤੋਂ ਬਾਅਦ ਜਿਲ੍ਹਾ ਪੁਲਿਸ ਕੇਡਰ ਦੀ ਐਸ.ਆਈ ਰੈਂਕ ਦੀ ਜਾਰੀ ਕੀਤੀ ਸੀਨੀਆਰਤਾ ਸੂਚੀ ਵਿੱਚ ਉਸਦਾ ਨਾਮ ਉਸਦੀ ਜੁਆਇਨਿੰਗ ਮਿਤੀ ਅਨੁਸਾਰ ਲੜੀ ਨੰ: 1932 ਤੇ ਦਰਜ ਕੀਤਾ ਗਿਆ ਹੈ, ਜੋ ਕਿ ਠੀਕ ਨਹੀਂ ਹੈ ਜਦੋਂਕਿ ਉਸਦੀ ਸੀਨੀਆਰਤਾ ਮੈਰਿਟ ਅਨੁਸਾਰ ਉਸਦੇ ਬੈਚ ਦੇ ਨਾਲ ਬਣਦੀ ਹੈ। ਇਸ ਲਈ ਉਸਦਾ ਨਾਮ ਸੀਨੀਆਰਤਾ ਨੰ: 1516 ਤੇ ਬਣਦਾ ਹੈ। ਉੱਕਤ ਕਰਮਚਾਰੀ ਨੇ ਇਹ ਵੀ ਲਿਖਿਆ ਹੈ ਕਿ 1991 ਬੈਚ ਦੇ ਬਤੌਰ ਇੰਸਪੈਕਟਰ ਭਰਤੀ ਸ੍ਰੀ ਹਰਮੋਹਨ ਸਿੰਘ, ਜਿਹਨਾਂ ਨੇ ਬਾਅਦ ਵਿੱਚ ਜੁਆਇੰਨ ਕੀਤਾ ਸੀ ਅਤੇ ਸਾਲ-1993 ਵਿੱਚ ਟਰੇਨਿੰਗ ਮੁਕੰਮਲ ਕੀਤੀ ਸੀ, ਨੂੰ ਉਸਦੇ ਬੈਚ ਦੇ ਨਾਲ ਸਾਲ-1991 ਤੋਂ ਸੀਨੀਆਰਤਾ ਦਿੱਤੀ ਗਈ ਹੈ। ਇਸੇਂ ਤਰ੍ਹਾਂ ਪ੍ਰੋ/ਐਸ.ਆਈ ਅੰਕੁਰਦੀਪ ਨੰ: 23/ਪੀ.ਆਰ.ਟੀ ਜਿਸਨੂੰ 2% ਪੁਲਿਸ ਵਾਰਡ ਕੋਟੇ ਤਹਿਤ ਮਿਤੀ 08.08.2016 ਤੋਂ ਭਰਤੀ ਕੀਤਾ ਗਿਆ ਹੈ ਨੂੰ ਵੀ ਉਸਦੇ ਬੈਚਮੇਟਜ ਦੇ ਨਾਲ ਮਿਤੀ 18.02.2014 ਤੋਂ ਸੀਨੀਆਰਤਾ ਦਿੱਤੀ ਗਈ ਹੈ। ਇਸ ਲਈ ਇਸਨੂੰ ਵੀ ਉਸਦੇ ਬੈਚ ਦੇ ਨਾਲ ਸੀਨੀਆਰਤਾ ਦਿੱਤੀ ਜਾਵੇ।

ਕਰਮਚਾਰੀਆਂ ਵੱਲੋਂ ਦਿੱਤੀ ਪ੍ਰਤੀਬੇਨਤੀ ਨੂੰ ਸਵੀਕਾਰ ਕਰਦੇ ਹੋਏ ਇਹਨਾਂ ਨੂੰ ਇਹਨਾਂ ਦੇ ਬੈਚ ਦੇ ਨਾਲ ਕੇਵਲ ਸੀਨੀਆਰਤਾ ਦਿੱਤੀ ਜਾਂਦੀ ਹੈ।

34. **ਇਤਰਾਜ ਵੱਲੋਂ ਰਿਟਾ: ਇੰਸ/ਸੀ.ਆਰ ਜੁਗਲ ਕਿਸੋਰ 813/ਬੀ.ਆਰ, ਰਿਟਾ: ਲੋਕਲ ਰੈਂਕ ਇੰਸ: ਰਮੇਸ ਕੁਮਾਰ 870/ਬੀ.ਆਰ, ਰਿਟਾ: ਇੰਸ: ਐਲ.ਆਰ ਮਨਜਿੰਦਰ ਸਿੰਘ707/ਬੀ.ਆਰ, ਰਿਟਾ: ਇੰਸ: ਐਲ.ਆਰ ਸੁਰਿੰਦਰ ਕੁਮਾਰ 709/ਬੀ.ਆਰ, ਰਿਟਾ: ਲੋਕਲ ਰੈਂਕ ਇੰਸ: ਦਵਿੰਦਰ ਸਿੰਘ ਨੰ: 370/ਜੀ.ਆਰ.ਪੀ, ਰਿਟਾ: ਐਸ.ਆਈ ਸਿਕੰਦਰ ਸਿੰਘ 917/ਬਠਿੰਡਾ, ਰਿਟਾ: ਐਸ.ਆਈ ਮਾਧਵਾ ਨੰਦ 44/ਪਟਿਆਲਾ, ਰਿਟਾ: ਇੰਸ: ਐਲ.ਆਰ ਰਜਿੰਦਰ ਸਿੰਘ ਨੰ: 26/ਆਰ** : ਇਹਨਾਂ ਰਿਟਾਇਰਡ ਕਰਮਚਾਰੀਆਂ ਵੱਲੋਂ ਲਿਖਿਆ ਗਿਆ ਹੈ ਕਿ ਉਹਨਾਂ ਦੇ ਜੂਨੀਅਰ ਕਰਮਚਾਰੀਆਂ ਨੂੰ ਜਿਲ੍ਹਾ ਕੇਡਰ ਵਿੱਚ ਲਿਸਟ ਐਫ ਦਿੱਤੀ ਗਈ ਹੈ, ਪ੍ਰੰਤੂ ਆਰਮਡ ਕੇਡਰ ਵਿੱਚ ਦਰਖਾਸਤਕਰਤਾਵਾਂ ਦਾ ਨਾਮ ਇੰਸਪੈਕਟਰ ਰੈਂਕ ਦੀ ਸੀਨੀਆਰਤਾ ਸੂਚੀ ਵਿੱਚ ਨਹੀਂ ਆਇਆ।

ਐਸ.ਆਈ ਰੈਂਕ ਦੀ ਵੰਡ ਸਮੇਂ ਰਿਟਾ: ਇੰਸ/ਸੀ.ਆਰ ਜੁਗਲ ਕਿਸੋਰ 813/ਬੀ.ਆਰ, ਰਿਟਾ: ਲੋਕਲ ਰੈਂਕ ਇੰਸ: ਰਮੇਸ ਕੁਮਾਰ 870/ਬੀ.ਆਰ, ਰਿਟਾ: ਇੰਸ: ਐਲ.ਆਰ ਮਨਜਿੰਦਰ ਸਿੰਘ707/ਬੀ.ਆਰ, ਰਿਟਾ: ਇੰਸ: ਐਲ.ਆਰ ਸੁਰਿੰਦਰ ਕੁਮਾਰ 709/ਬੀ.ਆਰ ਵੱਲੋਂ ਆਰਮਡ ਕੇਡਰ ਦੀ ਸੀਨੀਆਰਤਾ ਲਈ ਆਪਸਨ ਦਿੱਤੀ ਗਈ ਸੀ ਜਿਸ ਅਨੁਸਾਰ ਇਹਨਾਂ ਨੂੰ ਆਰਮਡ ਕੇਡਰ ਦੀ ਸੀਨੀਆਰਤਾ ਵਿੱਚ ਸਾਮਲ ਕੀਤਾ ਗਿਆ ਸੀ। ਆਰਮਡ ਬਨਜ ਵੱਲੋਂ ਜਾਰੀ ਕੀਤੀ ਗਈ ਇੰਸਪੈਕਟਰ ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਲਿਸਟ-ਐਫ ਲਈ ਯੋਗ ਨਹੀਂ ਹਨ। ਐਸ.ਆਈ ਰੈਂਕ ਦੀ ਵੰਡ ਸਮੇਂ ਜਿਲ੍ਹਾ ਪੁਲਿਸ ਕੇਡਰ ਦੇ 107 ਜੂਨੀਅਰ ਮੋਸਟ ਰਿਟਾਇਰਡ ਕਰਮਚਾਰੀਆਂ ਜਿਹਨਾਂ ਦੀ ਕਿਸੇ ਵੀ ਕੇਡਰ (ਜਿਲ੍ਹਾ/ਆਰਮਡ) ਲਈ ਆਪਸਨ ਪ੍ਰਾਪਤ ਨਹੀਂ ਹੋਈ ਸੀ, ਨੂੰ ਆਰਮਡ ਕੇਡਰ ਦੀ ਸੀਨੀਆਰਤਾ ਦਿੱਤੀ ਗਈ ਸੀ ਕਿਉਂਕਿ ਆਰਮਡ ਕੇਡਰ ਵਿੱਚ ਮਿਤੀ 20.02.2008 ਨੂੰ ਐਸ.ਆਈ ਰੈਂਕ ਦੀਆਂ ਅਸਾਮੀਆਂ ਖਾਲੀ ਸਨ ਅਤੇ ਜਿਲ੍ਹਾ ਕੇਡਰ ਵਿੱਚ ਵੱਧ ਕਰਮਚਾਰੀ ਤਾਇਨਾਤ ਸਨ। ਕਰਮਚਾਰੀਆਂ ਦੀ ਪ੍ਰਤੀਬੇਨਤੀ ਰੱਦ ਕੀਤੀ ਜਾਂਦੀ ਹੈ।

35. **ਇਤਰਾਜ ਵੱਲੋਂ ਐਸ.ਆਈ. ਹਰਸਨਦੀਪ ਸਿੰਘ ਨੰ: 13/ਬੀ.ਆਰ.ਟੀ, ਐਸ.ਆਈ. ਤਰਸੇਮ ਸਿੰਘ ਨੰ: 2244/ਬਟਾਲਾ** : ਇਹਨਾਂ ਕਰਮਚਾਰੀਆਂ ਨੇ ਲਿਖਿਆ ਹੈ ਕਿ ਇਹਨਾਂ ਦਾ ਨਾਮ ਮਿਤੀ 03.12.2011 ਅਤੇ 01.11.2012 ਤੋਂ ਤਰੱਕੀ ਲਿਸਟ ਈ-2 ਤੇ ਦਰਜ ਹੈ ਅਤੇ ਇਹਨਾਂ ਨੂੰ ਬਤੌਰ ਐਸ.ਆਈ ਮਿਤੀ 27.03.2012 ਅਤੇ 30.11.2012 ਦਿੱਤੀ ਗਈ ਹੈ ਜਦੋਂਕਿ ਉਹਨਾਂ ਤੋਂ ਜੂਨੀਅਰ

ਕਰਮਚਾਰੀਆਂ ਨੂੰ ਉਹਨਾਂ ਤੋਂ ਪਹਿਲਾਂ ਐਸ.ਆਈ ਦੀ ਰਿਵਾਇਜਡ ਤਰੱਕੀ ਮਿਤੀ ਦਿੱਤੀ ਗਈ ਹੈ। ਐਸ.ਆਈ. ਹਰਸਨਦੀਪ ਸਿੰਘ ਨੰ: 13/ਬੀ.ਆਰ.ਟੀ ਵੱਲੋਂ ਇਹ ਵੀ ਲਿਖਿਆ ਗਿਆ ਹੈ ਕਿ ਉਹ ਅਪਰ ਸਕੂਲ ਕੋਰਸ ਕਰਨ ਲਈ ਵੀ ਤਿਆਰ ਹੈ।

ਇਸ ਕਰਮਚਾਰੀ ਨੂੰ ਆਪਣੇ ਬੈਚ ਜਿਹਨਾਂ ਦੇ ਨਾਮ ਲਿਸਟ ਈ-1 ਤੇ ਦਰਜ ਹਨ ਦੇ ਨਾਲ ਈ-1 ਤੇ ਦਰਜ ਕਰਕੇ ਰਿਵਾਇਜਡ ਐਸ.ਆਈ ਤਰੱਕੀ ਮਿਤੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਉਸਨੂੰ ਅਪਰ ਸਕੂਲ ਕੋਰਸ ਪਾਸ ਕਰਨਾ ਪਵੇਗਾ। ਜੇਕਰ ਉਹ ਕਰਮਚਾਰੀ ਅਜਿਹਾ ਨਹੀ ਕਰਦਾ ਤਾਂ ਉਸਨੂੰ ਉਸਦੀ ਵਾਰੀ ਪਹਿਲਾਂ ਦਿੱਤੀ ਤਰੱਕੀ ਮਿਤੀ ਅਨੁਸਾਰ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਜਾਵੇਗਾ।

36. **ਇਤਰਾਜ ਵੱਲੋਂ ਐਸ.ਆਈ ਬੂਟਾ ਸਿੰਘ ਨੰ: 1177/ਗੁਰਦਾਸਪੁਰ** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਉਸਦਾ ਨਾਮ ਏ.ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 1209 ਪਰ ਦਰਜ ਹੈ, ਪ੍ਰੰਤੂ ਐਸ.ਆਈ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਨਹੀਂ ਹੈ।

ਕਰਮਚਾਰੀ ਦਾ ਨਾਮ ਐਸ.ਆਈ ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰ: 1364 ਪਰ ਦਰਜ ਹੈ ਅਤੇ ਇਸਨੂੰ ਐਸ.ਆਈ ਰੈਂਕ ਦੀ ਰਿਵਾਇਜਡ ਮਿਤੀ 30.11.12 ਪ੍ਰਪੋਜ ਕੀਤੀ ਗਈ ਹੈ।

37. **ਇਤਰਾਜ ਵੱਲੋਂ ਏ.ਐਸ.ਆਈ ਕੁਲਜੀਤ ਸਿੰਘ ਨੰ: 366/ਅੰਮ੍ਰਿਤਸਰ** : ਕਰਮਚਾਰੀ ਵੱਲੋਂ ਲਿਖਿਆ ਹੈ ਕਿ ਉਹ ਮਿਤੀ 31.08.1981 ਦਾ ਭਰਤੀ ਹੈ ਅਤੇ ਮਿਤੀ 01.06.1990 ਦਾ ਮੁੱਖ ਸਿਪਾਹੀ ਤਰੱਕੀਯਾਬ ਹੈ। ਐਸ.ਆਈ ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਉਸਤੋਂ ਜੂਨੀਅਰ ਕਰਮਚਾਰੀ ਦਾ ਨਾਮ ਸਾਮਲ ਹੈ, ਪ੍ਰੰਤੂ ਉਸਦਾ ਨਾਮ ਸਾਮਲ ਨਹੀਂ ਕੀਤਾ ਗਿਆ।

ਇਸ ਕਰਮਚਾਰੀ ਦਾ ਨਾਮ ਏ.ਐਸ.ਆਈ ਦੀ ਫਾਈਨਲ ਸੀਨੀਆਰਤਾ ਸੂਚੀ ਵਿੱਚ 7514 ਤੇ ਦਰਜ ਹੈ। ਇਸਦਾ ਨਾਮ ਅਪਰ ਸਕੂਲ ਕੋਰਸ ਪਾਸ ਨਾ ਹੋਣ ਕਰਕੇ ਅਤੇ ਸਰਵਿਸ ਵਿੱਚ ਹੋਣ ਜਾਂ ਨਾ ਹੋਣ ਬਾਰੇ ਸੂਚਨਾ ਨਾ ਹੋਣ ਕਰਕੇ ਐਸ.ਆਈ ਰੈਂਕ ਦੀ ਆਰਜੀ ਸੀਨੀਆਰਤਾ ਸੂਚੀ ਵਿੱਚ ਦਰਜ ਕਰਨ ਤੋਂ ਰਹਿ ਗਿਆ ਹੈ। ਇਸ ਕਰਮਚਾਰੀ ਦਾ ਨਾਮ 56 ਸਾਲ ਤੋਂ ਵੱਧ ਉਮਰ ਤੋਂ ਛੋਟ ਵਾਲੇ ਕਰਮਚਾਰੀਆਂ ਨੂੰ ਦਿੱਤੀ ਜਾਣ ਵਾਲੀ ਤਰੱਕੀ ਅਨੁਸਾਰ ਦਰਜ ਕਰ ਲਿਆ ਗਿਆ ਹੈ।

ਇਹ ਸਪੀਕਿੰਗ ਆਰਡਰ ਡੀ.ਜੀ.ਪੀ/ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ।

ਇਹਨਾਂ ਹੁਕਮਾਂ ਦੀ ਇੱਕ ਕਾਪੀ ਸਬੰਧਤ ਕਰਮਚਾਰੀ ਨੂੰ ਉਸਦੇ ਹਸਤਾਖਰਾਂ ਹੇਠ ਮੁਹੱਈਆ ਕਰਵਾਈ ਜਾਵੇ ਜੀ।

ਸੁਪਰਡੰਟ/ਅਮਲਾ-1 9/10
ਵਾ: ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: 13071-13171/ਈ-1(3), ਮਿਤੀ : 9/X/18

ਉਪਰੋਕਤ ਦਾ ਉਤਾਰਾ ਪੰਜਾਬ ਪੁਲਿਸ ਦੇ ਸਮੂਹ ਦਫਤਰਾਂ ਦੇ ਮੁੱਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ/ਅਮਲਾ-1 9/10
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: 13172 /ਈ-1(3), ਮਿਤੀ : 9/X/18

ਉਪਰੋਕਤ ਦਾ ਉਤਾਰਾ ਇੰਚਾਰਜ, ਪੰਜਾਬ ਪੁਲਿਸ ਵੈਬਸਾਈਟ ਨੂੰ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਸੁਪਰਡੰਟ/ਅਮਲਾ-1 9/10
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।